ੴ ਸਤਿਗੁਰ ਪ੍ਰਸਾਦਿ ॥

ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ ਅਤੇ ਸਿੱਖ ਭਲਾ ਸਰਬੱਤ ਦਾ ਲੋਚੇ

# ਵਿਸ਼ਵ ਸਿੱਖ ਬੁਲੇਟਿਨ

*Vishav Sikh Bulletin*

**ਅਕਤੂਬਰ 2004** | **ਕੱਤਕ 536 ਨਾਨਕਸ਼ਾਹੀ** | **ਚੰਡੀਗੜ੍ਹ** | **ਸਾਲ-1 ਅੰਕ-10**

ਪੰਥ ਦਰਦੀ ਪਾਠਕਾਂ ਨੂੰ ਸੱਦਾ

### 16 ਅਤੇ 17 ਅਕਤੂਬਰ 2004 ਨੂੰ

# ਵਿਸ਼ਵ ਸਿੱਖ ਸੰਮੇਲਨ

ਪੰਜਾਬ ਵਿੱਚ ਗੁਰਬਚਨਾਂ ਅਨੁਸਾਰ ਸੰਸਾਰ ਭਰ ਦੇ ਬਿਬੇਕੀ ਖ਼ਾਲਸੇ ਦਾ ਨੁਮਾਇੰਦਾ ਇਕੱਠ ਚੰਡੀਗੜ੍ਹ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਛੁਟਿਆਉਣ ਵਾਲੀਆਂ ਸਾਜ਼ਿਸ਼ਾਂ ਨੂੰ ਬੇਨਕਾਬ ਕਰਨ, ਸਿੱਖ ਧਰਮ ਵਿੱਚ ਆਈਆਂ ਕੁਰੀਤੀਆਂ ਨੂੰ ਤਿਆਗਣ, ਗੁਰ ਉਪਦੇਸ਼ ਤੇ ਪੰਥ ਪ੍ਰਵਾਣਤ ਰਹਿਤ ਮਰਯਾਦਾ ਅਨੁਸਾਰ ਜੀਵਨ ਜਿਊਣ ਸਬੰਧੀ ਗੁਰਬਾਣੀ ਦੀ ਰੌਸ਼ਨੀ ਵਿੱਚ ਤੇ ਗੁਰ ਇਤਿਹਾਸ ਦੇ ਸੰਦਰਭ ਵਿੱਚ ਵਿਚਾਰਾਂ ਕੀਤੀਆਂ ਜਾਣਗੀਆਂ। ਗੁਰਮਤਿ ਵਿੱਚ ਅਪ੍ਰਵਾਣਤ ਗੀਤਾਂ, ਰਸਮਾਂ ਰਿਵਾਜਾਂ, ਫੋਕਟ ਕਰਮਾਂ ਨੂੰ ਤਿਲਾਂਜਲੀ ਦੇਣ ਲਈ ਅਤੇ ਸੱਚੇ ਸੁੱਚੇ ਗੁਰਸਿੱਖਾਂ ਦੀ ਮਦਦ ਨਾਲ ਨਿਰਮਲ ਪੰਥ ਦੇ ਸਰਬ ਕਲਿਆਣਕਾਰੀ ਖਾਸੇ ਨੂੰ ਪ੍ਰਗਟ ਕਰਨ ਖਾਤਰ ਯੋਜਨਾਵਾਂ ਉਲੀਕਣ ਦੀ ਚੇਸ਼ਟਾ ਕੀਤੀ ਜਾਵੇਗੀ।

ਏਸ ਤੋਂ ਇਲਾਵਾ, ਸਿੱਖੀ ਵਿਰੋਧੀ ਤਾਕਤਾਂ ਵੱਲੋਂ ਪੰਜਾਬ ਦੇ ਸਿੱਖਾਂ ਨੂੰ ਬੰਜਰ ਭੂਮੀ ਦੇ ਘਸਿਆਰੇ ਬਣਾਉਣ ਲਈ ਗੁੰਦੀਆਂ ਗਈਆਂ ਗੋਂਦਾਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਹਿਤ ਵਿਚਾਰਾਂ ਹੋਣਗੀਆਂ।

ਜ਼ਿੰਮੇਵਾਰ ਅਤੇ ਚਿੰਤਾਤੁਰ ਗੁਰਮੁਖ ਪਿਆਰੇ ਗੁਰਮਤਿ ਦੇ ਏਸ ਮਹਾਂਯੱਗ ਵਿੱਚ ਯਥਾਸ਼ਕਤ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

## ਪ੍ਰੋਗਰਾਮ:

### ਮਿਤੀ 16 ਅਕਤੂਬਰ 2004 (ਸ਼ਨਿਚਰਵਾਰ)

- ਆਰੰਭਕ ਕੀਰਤਨ ਅਤੇ ਅਰਦਾਸ : ਸਵੇਰੇ 9 ਵਜੇ
- ਪਹਿਲਾ ਸੈਸ਼ਨ : ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 1 ਵਜੇ ਤੱਕ
  ਵਿਸ਼ਾ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਅਤੇ ਖੰਡੇ-ਬਾਟੇ ਦੀ ਪਾਹੁਲ ਦੇ ਮਹੱਤਵ ਨੂੰ ਦਰਪੇਸ਼ ਚੁਣੌਤੀਆਂ
- ਦੂਜਾ ਸੈਸ਼ਨ : ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ
  ਵਿਸ਼ਾ : ਪੰਜਾਬ ਦੇ ਦਰਿਆਈ ਪਾਣੀ ਦਾ ਮਸਲਾ : ਇਤਿਹਾਸ, ਕਾਨੂੰਨੀ ਸਥਿਤੀ ਤੇ ਭਵਿੱਖ

### ਮਿਤੀ 17 ਅਕਤੂਬਰ 2004 (ਐਤਵਾਰ)

- ਪਹਿਲਾ ਸੈਸ਼ਨ : ਸਮਾਂ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 1 ਵਜੇ ਤੱਕ
  ਵਿਸ਼ਾ : ਸਿੱਖ ਰਹਿਤ ਮਰਯਾਦਾ ਅਤੇ ਸਿੱਖ ਸਰੂਪ: ਉਦੇਸ਼, ਮੌਜੂਦਾ ਔਕੜਾਂ ਅਤੇ ਹੱਲ
- ਦੂਜਾ ਸੈਸ਼ਨ : ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ
  ਵਿਸ਼ਾ : ਵਿਚਾਰ ਵਟਾਂਦਰਾ ਅਤੇ ਨਿਰਣੇ

**ਸੰਪਰਕ ਕਰੋ:**

ਭਾਈ ਰਜਿੰਦਰ ਸਿੰਘ, ਫੋਨ/ਫੈਕਸ 0172-2600686, 2661607; ਮੋਬਾਈਲ 98141-04726

ਭਾਈ ਰਵਿੰਦਰ ਸਿੰਘ, ਫੋਨ 0172-2620691; ਮੋਬਾਈਲ 98140-00556

## ਇਸ ਅੰਕ ਵਿੱਚ


1. ਸੰਪਾਦਕ ਦੀ ਕਲਮ ਤੋਂ ................. 2

2. ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ-ਜੋਤ ਸਮਾਉਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ......... *ਡਾ. ਗੰਡਾ ਸਿੰਘ* 4

3. 'ਮੁੰਦਾਵਣੀ' ਦੇ ਰੂਬਰੂ ........ *ਮਹਿੰਦਰ ਸਿੰਘ ਚਚਰਾੜੀ* 11

4. ਜਥੇਦਾਰ ਬਨਾਮ ਸਿਆਸਤਦਾਨ-ਪੁਜਾਰੀ ਗੱਠਜੋੜ .......... *ਸੰਤੋਖ ਸਿੰਘ, ਚੰਡੀਗੜ੍ਹ* 14

5. ਸਿੱਖੀ ਵਿਰੋਧੀ ਸਾਜ਼ਿਸ਼ਾਂ ਦੀਆਂ ਕੁਝ ਕੜੀਆਂ .......... *ਪ੍ਰੋ. ਦਲੀਪ ਸਿੰਘ, ਬੰਬਈ* 16

6. ਖ਼ੂਨੀ ਵੰਡ- ਪੰਜਾਬ ਦੇ ਪਾਣੀਆਂ ਦੀ ....... *ਇੰਜ. ਜਗਤਾਰ ਸਿੰਘ* 18

7. ਵਿਸ਼ਵ ਸਿੱਖ ਸੰਮੇਲਨ: "ਹੋਏ ਇਕਤ੍ਰ ਮਿਲਹੁ ਮੇਰੇ ਭਾਈ...." ......... *ਰਜਿੰਦਰ ਸਿੰਘ, ਖ਼ਾਲਸਾ ਪੰਚਾਇਤ* 25

8. ਜਾਤ-ਪਾਤ ਤੇ ਸਿੱਖ ......... *ਸਰਦਾਰ ਜਗਜੀਤ ਸਿੰਘ* 28



**ਸੰਪਾਦਕ:**
ਗੁਰਤੇਜ ਸਿੰਘ

**ਸੰਪਾਦਕੀ ਸਲਾਹਕਾਰ:**
ਹਰਦੇਵ ਸਿੰਘ ਸ਼ੇਰਗਿੱਲ,
ਗੁਰਪਾਲ ਸਿੰਘ ਖਹਿਰਾ,
ਹਰਸ਼ਿੰਦਰ ਸਿੰਘ

**ਸਹਿਯੋਗੀ (ਪ੍ਰੋਡਕਸ਼ਨ):**
ਗੁਰਚਰਨ ਸਿੰਘ, ਪ੍ਰਮਿੰਦਰ ਜੀਤ ਸਿੰਘ

**ਮੁੱਲ -5 ਰੁਪਏ; ਸਾਲਾਨਾ ਚੰਦਾ 60 ਰੁਪਏ**
**ਚੰਦਾ ਕੇਵਲ ਮਨੀ ਆਰਡਰ ਜਾਂ ਬੈਂਕ ਡਰਾਫਟ ਰਾਹੀਂ 'Vishav Sikh Bulletin' ਦੇ ਨਾਂ 'ਤੇ ਹੀ ਭੇਜਿਆ ਜਾਵੇ ਜੋ ਕਿ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ।**



**ਸੰਪਰਕ, ਟਿੱਪਣੀਆਂ ਅਤੇ ਸੁਝਾਅ ਲਈ ਪਤਾ:**
742, ਸੈਕਟਰ 8-ਬੀ, ਚੰਡੀਗੜ੍ਹ – 160 009.
ਫੋਨ: *0172-3091414*
**E-Mail:** vsbpb@yahoo.co.in
**Also available at Website:www.sikhbulletin.com**



ਬੁਲੇਟਿਨ ਵਿੱਚ ਛਪੇ ਵਿਚਾਰ ਸਬੰਧਤ ਲੇਖਕਾਂ ਦੇ ਆਪਣੇ ਹਨ।
ਸੰਪਾਦਕ ਦਾ ਇਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।


### ਸੰਪਾਦਕ ਦੀ ਕਲਮ ਤੋਂ

# ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ

ਪਿਛਲੇ ਮਹੀਨੇ ਜਨ ਗਣਨਾਂ ਵਿਭਾਗ ਨੇ ਆਪਣੇ ਭਾਰਤੀ ਧਰਮਾਂ ਸੰਬੰਧੀ ਅੰਕੜੇ ਛਾਪੇ ਤਾਂ ਸੰਸਾਰ ਭਰ ਦੇ ਸਿੱਖਾਂ ਨੂੰ ਬਹੁਤ ਚਿੰਤਾ ਹੋਈ ਕਿਉਂਕਿ ਅੰਕੜਿਆਂ ਦਾ ਸੰਕੇਤ ਸੀ ਕਿ ਪੰਜਾਬ ਵਿੱਚ ਸਿੱਖਾਂ ਦੀ ਗਿਣਤੀ ਕਾਫ਼ੀ ਘਟ ਗਈ ਹੈ। ਸਿੱਖਾਂ ਦੇ ਵਾਧੇ ਦਾ ਸੂਚਕ ਅੰਕ 24.3% ਤੋਂ ਡਿੱਗ ਕੇ 18.2% ਉੱਤੇ ਆ ਗਿਆ ਹੈ। ਛਪਦਿਆਂ ਸਾਰ ਹੀ ਮੈਨੂੰ ਨੌਜਵਾਨਾਂ ਦੇ ਸੰਗਠਨ 'ਸਿੱਖ ਕੋਅਲੀਸ਼ਨ' ਵਾਲੇ ਸਰਦਾਰ ਪ੍ਰਭਜੋਤ ਸਿੰਘ ਨੇ ਨਿਊਯਾਰਕ ਤੋਂ ਈ ਮੇਲ ਰਾਹੀਂ ਅਖ਼ਬਾਰੀ ਰਪਟ ਭੇਜ ਕੇ ਟਿੱਪਣੀ ਮੰਗੀ। ਇਹ ਈ ਮੇਲ ਮੈਂ ਅਖ਼ਬਾਰੀ ਰਪਟ ਵਿੱਚ ਪੜ੍ਹਨ ਤੋਂ ਪਹਿਲਾਂ ਪੜ੍ਹ ਲਈ ਸੀ। ਮਲੇਸ਼ੀਆ, ਕਨੇਡਾ ਅਤੇ ਆਸਟ੍ਰੇਲੀਆ ਦੇ ਸਿੱਖਾਂ ਵਿੱਚ ਵੀ ਇਸ ਬਾਰੇ ਵਿਆਪਕ ਚਿੰਤਾ ਸੀ। ਸਿਡਨੀ ਵਿੱਚ ਤਾਂ ਇੱਕ ਸਿੰਘ ਨੇ ਇਹਨਾਂ ਅੰਕੜਿਆਂ ਉੱਤੇ ਆਧਾਰਤ ਇੱਕ ਪਰਚਾ ਵੀ ਪੜ੍ਹਿਆ।

ਸੱਚ-ਮੁੱਚ ਇਹ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਸਿੱਖਾਂ ਵਿੱਚ ਔਰਤ-ਮਰਦ ਤਨਾਸਬ ਘਟਿਆ ਹੈ ਜੋ ਸੰਕੇਤ ਕਰਦਾ ਹੈ ਕਿ ਸਾਡੇ ਵਿੱਚ ਨਫ਼ਰਤ ਕਰਨ ਯੋਗ ਕੁੜੀਮਾਰਾਂ ਵਿੱਚ ਬਹੁਤ ਵੱਡਾ ਵਾਧਾ ਹੋਇਆ ਹੈ। ਬੱਚਿਆਂ ਵੱਡਿਆਂ ਦਾ ਤਨਾਸਬ ਦੱਸਦਾ ਹੈ ਕਿ ਬੱਚੇ ਬਹੁਤ ਘੱਟ ਹਨ ਅਤੇ ਇਹੀ ਭਵਿੱਖ ਵਿੱਚ ਸਾਡੀ ਹੋਂਦ ਉੱਤੇ ਹੀ ਸਵਾਲੀਆ ਨਿਸ਼ਾਨ ਲਗਾਉਣ ਲਈ ਕਾਫ਼ੀ ਹੈ। ਸਿੱਖ ਧਰਮ ਨੂੰ ਮੰਨਣ ਵਾਲਿਆਂ ਦੀ ਵਾਧਾ ਦਰ ਹਿੰਦੋਸਤਾਨ ਵਿੱਚ ਸਭ ਧਰਮਾਂ ਦੀ ਵਾਧਾ ਦਰ ਤੋਂ ਉੱਤੇ ਰਹੀ ਹੈ ਅਤੇ ਹੁਣ ਪਹਿਲੀ ਵਾਰ ਜੇਨੀਆਂ ਨੂੰ ਛੱਡ ਸਭ ਤੋਂ ਥੱਲੇ ਆਈ ਹੈ।

ਅੰਕੜੇ ਸੱਚੇ ਵੀ ਹੋ ਸਕਦੇ ਹਨ ਅਤੇ ਏਵੇਂ ਮੰਨ ਕੇ ਇਹਨਾਂ ਦਾ ਵਿਸ਼ਲੇਸਣ ਕਰਨਾ ਯੋਗ ਹੈ। ਸਿੱਖ ਕੌਮ ਦਾ ਆਪਣੀ ਹੋਂਦ ਅਤੇ ਹੋਣੀ ਪ੍ਰਤੀ ਸੁਚੇਤ ਨਾ ਹੋਣਾ ਹੀ ਹੈਰਾਨੀ ਅਤੇ (ਵਕਤੀ ?) ਚਿੰਤਾ ਦਾ ਵੱਡਾ ਕਾਰਣ ਹੈ। ਏਸ ਵਿੱਚ ਸ਼ੰਕਾ ਨਹੀਂ ਹੋਣੀ ਚਾਹੀਦੀ ਕਿ ਕੌਮੀ ਪੱਧਰ ਉੱਤੇ ਸਿੱਖਾਂ ਲਈ ਸੋਚ ਵਿਚਾਰ ਕਰਨ ਵਿੱਚ ਰੁਝੀ ਹੋਈ ਕੋਈ ਵੀ ਸੰਸਥਾ ਨਹੀਂ ਹੈ। ਏਸੇ ਘਾਟ ਕਾਰਣ ਇਹਨਾਂ ਨੂੰ ਆਪਣੇ ਆਪ ਬਾਰੇ ਕਿਸੇ ਵਾਪਰਨ ਵਾਲੀ ਹੋਣੀ ਦਾ ਕੋਈ ਅਗਾਊਂ ਗਿਆਨ ਨਹੀਂ ਹੁੰਦਾ ਅਤੇ ਹਰ ਅਣਸੁਖਾਵੀਂ ਘਟਨਾ ਦੇ ਤੱਥ ਅਤੇ ਸੁਨੇਹੇ ਇਹਨਾਂ ਉੱਤੇ ਅਚਨਚੇਤ ਅਸਮਾਨੋਂ ਪਈ ਬਿੱਜ ਵਾਂਗ ਹੀ ਡਿੱਗਦੇ

ਹਨ। ਇਹਨਾਂ ਦੀ ਵੱਡੀ ਚਿੰਤਾ ਵੀ ਛਿਣ ਭੰਗਰੀ ਹੀ ਸਮਝੀ ਜਾਣੀ ਵਾਜਬ ਹੈ ਕਿਉਂਕਿ ਕੁਝ ਕੁ ਦਿਨ ਚਿੰਤਾ ਸੂਚਕ ਸ਼ਬਦ ਬੋਲ ਕੇ ਇਹਨਾਂ ਦੇ ਨੇਤਾਗਣ ਮੁੜ ਕੇ ਆਪਣੇ ਮਾਇਆ, ਸ਼ਕਤੀ ਆਦਿ ਜੁਟਾਉਣ ਦੇ ਕਰਮ ਵਿੱਚ ਜੁਟ ਜਾਣਗੇ। ਚੰਦ ਵਚਨਬੱਧ ਨੌਜਵਾਨਾਂ ਨੂੰ ਛੱਡ ਕੇ ਸਾਰੀ ਕੌਮ ਕੰਮਾਂ ਕਾਰਾਂ ਵਿੱਚ ਜੁਟ ਜਾਵੇਗੀ ਅਤੇ ਅਗਲੇ ਅੰਕੜਿਆਂ ਦੇ ਆਉਣ ਤੱਕ ਸਭ ਨਿਸਚਿੰਤ ਹੋ ਕੇ ਸੌਂ ਜਾਣਗੇ। ਆਪਣੀ ਹੋਂਦ ਅਤੇ ਹੋਣੀ ਪ੍ਰਤੀ ਏਸ ਹੱਦ ਤੱਕ ਅਵੇਸਲੇ ਇਹ ਲੋਕ ਸੰਸਾਰ ਦੇ ਤਖ਼ਤੇ ਉੱਤੇ ਦੂਜੇ ਨਹੀਂ।

ਜੇ ਅੱਜ ਚਿੰਤਾ ਦਾ ਵਿਸ਼ਾ ਬਣੇ ਅੰਕੜਿਆਂ ਦੀ ਪੜਚੋਲ ਕਰੀਏ ਤਾਂ ਇਹ ਘੱਟੋ-ਘੱਟ 1982 ਤੋਂ ਚੱਲੀ ਆ ਰਹੀ ਸਿੱਖੀ ਵਿਰੋਧੀ ਵਿਆਪਕ ਮੁਹਿੰਮ ਦਾ ਨਤੀਜਾ ਜਾਪਦੇ ਹਨ। ਕੇਵਲ ਸਿੱਧੇ ਅੱਤਵਾਦੀ ਆਖ ਕੇ ਮਾਰੇ ਨੌਜਵਾਨਾਂ ਦੀ ਗਿਣਤੀ ਹਜ਼ਾਰਾਂ ਨੂੰ ਲੰਘ ਕੇ ਲੱਖਾਂ ਵਿੱਚ ਜਾ ਪਹੁੰਚਦੀ ਹੈ। ਏਸ ਤੋਂ ਇਲਾਵਾ ਜੂਨ 84 ਦਾ ਘੱਲੂਘਾਰਾ ਅਤੇ ਉਸ ਤੋਂ ਬਾਅਦ ਦੇ ਦੋ ਖ਼ੂਨੀ ਦਹਾਕੇ ਜਿਨ੍ਹਾਂ ਦੌਰਾਨ ਅਣਖੀ ਅਤੇ ਸੁਹਿਰਦ ਸਿੱਖਾਂ ਨੂੰ ਚੁਣ-ਚੁਣ ਕੇ (ਕਈਆਂ ਨੂੰ ਬਾਲ-ਬੱਚੇ ਸਮੇਤ) ਕਤਲ ਕੀਤਾ ਗਿਆ। ਏਸ ਸਾਰੇ ਕਤਲੇਆਮ ਦਾ ਆਧਾਰ ਇਹ ਮੁਢਲਾ ਤਰਕ ਸੀ ਕਿ ਸਿੱਖ ਹੋਣਾ ਤੇ ਦੇਸ਼ ਧ੍ਰੋਹੀ ਹੋਣਾ ਇੱਕੋ ਸਿੱਕੇ ਦੇ ਦੋ ਪਾਸੇ ਹਨ। ਖ਼ਾਸਕਰ ਪਿਛਲੇ ਤਿੰਨ ਦਹਾਕੇ ਅਖਬਾਰਾਂ ਅਤੇ ਨੇਤਾਵਾਂ ਦੇ ਬਿਆਨਾਂ ਦੀ ਤਾਣ ਏਸੇ ਮਰਹਲੇ ਉੱਤੇ ਆ ਕੇ ਟੁੱਟਦੀ ਰਹੀ ਹੈ। 1947 ਤੋਂ ਗੁੱਝੇ ਚੱਲੇ ਆ ਰਹੇ ਪ੍ਰਚਾਰ ਨੇ ਆਖਰ ਨੰਗਾ ਚਿੱਟਾ ਸਿੱਖ ਵਿਨਾਸ਼ ਦਾ ਐਲਾਨ 1984 ਵਿੱਚ ਭਾਰਤੀ ਫ਼ਉਜ ਦੇ ਰਸਾਲੇ 'ਬਾਤ-ਚੀਤ' ਵਿੱਚ ਅਖ਼ਤਿਆਰ ਕੀਤਾ ਜਿਸ ਵਿੱਚ ਅੰਮ੍ਰਿਤਧਾਰੀ ਖ਼ਾਲਸੇ ਨੂੰ ਸਿੱਧਾ ਦੇਸ਼ ਧ੍ਰੋਹੀ ਗਰਦਾਨਿਆ ਗਿਆ।

1947 ਤੋਂ ਬਾਅਦ ਦੀਆਂ ਸਿੱਖ ਵਿਰੋਧੀ ਨੀਤੀਆਂ, ਨਹਿਰੂ ਪ੍ਰਵਾਰ ਦੇ ਰਾਜ ਦੌਰਾਨ ਸਿੱਖਾਂ ਨੂੰ ਖਤਮ ਕਰਨ ਦੇ ਘੜੇ ਗਏ ਮਨਸੂਬੇ ਅਤੇ ਆਖਰ 1982 ਤੋਂ ਅੱਜ ਤੱਕ ਦਾ ਕਤਲੇਆਮ, ਇਹ ਸਾਰੇ ਮਿਲ ਕੇ ਰੰਗ ਲਿਆਏ ਜੋ ਚਰਚਾ ਦਾ ਵਿਸ਼ਾ ਬਣੇ ਅੰਕੜਿਆਂ ਦਾ ਅਸਲ ਅਤੇ ਮੁੱਢਲਾ ਆਧਾਰ ਹਨ।

ਸਹਾਇਕ ਕਾਰਣ ਵੀ ਹਨ। ਸਭ ਤੋਂ ਵੱਡਾ ਸਹਾਇਕ ਕਾਰਣ ਤਾਂ ਇਹ ਹੈ ਕਿ ਬਾਕੀ ਬਚੇ ਸਿੱਖਾਂ ਨੇ ਉਪਰੋਕਤ ਖ਼ਤਰਿਆਂ ਨੂੰ ਮੁੱਢੋਂ ਵਿਸਾਰੀ ਰੱਖਿਆ ਜਿਸ ਦੀ ਵੱਡੀ ਅਲਾਮਤ ਇਹ ਹੈ ਕਿ ਇਹਨਾਂ ਨੇ ਮਾਰੇ ਗਇਆਂ ਦੀ ਗਿਣਤੀ ਤੱਕ ਨਹੀਂ ਕੀਤੀ। ਏਸ ਪੱਖੋਂ ਇਹਨਾਂ ਦਾ ਰਵੱਈਆ ਉਸ ਜਾਨਵਰਾਂ ਦੇ ਸਮੂਹ ਵਰਗਾ ਸੀ ਜਿਸ ਨੂੰ ਨਿਰੰਤਰ ਸ਼ਿਕਾਰੀਆਂ ਨੇ ਘੇਰੀ ਰੱਖਿਆ ਹੋਵੇ ਅਤੇ ਚੁਣ-ਚੁਣ ਜਿਨ੍ਹਾਂ ਦਾ ਲਗਾਤਾਰ ਘਾਣ ਹੋ ਰਿਹਾ ਹੋਵੇ। ਬਾਕੀ ਸਾਰੇ ਸਿੱਖ ਏਧਰ ਓਧਰ ਭੱਜ ਨੱਸ ਕਰ ਕੇ ਆਪਣਾ ਬਚਾਅ ਕਰਦੇ ਰਹੇ ਪਰ ਡਿੱਗਿਆਂ ਵੱਲ ਕਿਸੇ ਨੇ ਤਰਸ ਭਰੀ ਨਾ ਝਾਤ ਮਾਰੀ, ਨਾ ਹੰਝੂ ਕੇਰੇ। ਅਜੇਹੇ ਲੋਕਾਂ ਦਾ ਬਚਾਅ ਤਾਂ ਕੇਵਲ ਸ਼ਿਕਾਰੀ ਦਾ ਰਹਿਮੋ ਕਰਮ 'ਤੇ ਹੀ ਸੀ।

ਸਾਡੇ ਸਮੁੱਚੇ ਵਰਤਾਰੇ ਨੇ ਸਾਡੇ ਨੌਜਵਾਨਾਂ ਨੂੰ ਇਹ ਪ੍ਰਭਾਵ ਦਿੱਤਾ ਕਿ ਸਿੱਖੀ ਮਾਰਗ ਉੱਤੇ ਚੱਲਦਿਆਂ ਮੌਤ ਨਿਸ਼ਚਿਤ ਹੈ ਅਤੇ ਉਹਨਾਂ ਵਾਸਤੇ ਧਰਮ, ਨਿਆਂ, ਕਾਨੂੰਨ, ਹਮਦਰਦੀ ਦੀਆਂ ਕਿਤਾਬਾਂ ਦੇ ਸਾਰੇ ਵਰਕੇ ਪਾਟੇ ਹੋਏ ਹਨ।

ਕਾਨੂੰਨੀ ਪੱਖ ਨੂੰ ਅੱਗੇ ਤੋਰੀਏ। ਆਜ਼ਾਦ ਭਾਰਤ ਵਿੱਚ ਜੇ ਸਿੱਖਾਂ ਦੀ ਸਥਿਤੀ ਪ੍ਰਤੀ ਕੋਈ ਤੱਥ ਪੂਰੇ ਜ਼ੋਰ-ਸ਼ੋਰ ਨਾਲ ਉੱਘੜ ਕੇ ਸਾਹਮਣੇ ਆਇਆ ਹੈ ਤਾਂ ਉਹ ਇਹ ਹੈ ਕਿ ਕਾਨੂੰਨ, ਕਾਇਦਾ, ਸੰਵਿਧਾਨ ਇਤਿਆਦਿ ਇਹਨਾਂ ਲਈ ਨਹੀਂ ਹੈ। ਪੰਜਾਬ ਦਾ ਸਾਂਝੀਆਂ ਕੜੀਆਂ ਵਿੱਚ ਜਕੜਿਆ ਹੋਣਾਂ, ਪੰਜਾਬ ਦੇ ਦਿਲ ਦੇ ਖ਼ੂਨ ਦਰਿਆਈ ਪਾਣੀ ਦਾ ਸੰਵਿਧਾਨ ਦੀ ਮਨਸ਼ਾ ਵਿਰੁੱਧ ਦੂਜੇ ਪ੍ਰਦੇਸ਼ਾਂ ਨੂੰ ਜਾਣਾ ਅਤੇ ਸਿੱਖਾਂ ਦੇ ਕਤਲੇਆਮ ਦੇ ਚੱਲ ਰਹੇ ਦੌਰ ਏਸੇ ਤੱਥ ਦੀ ਪੁਸ਼ਟੀ ਕਰਦੇ ਹਨ। ਇਹ ਵੀ ਵਿਸ਼ਵ ਵਿਆਪਕ ਸੱਚਾਈ ਹੈ ਕਿ ਪਿੰਜਰਿਆਂ ਵਿੱਚ ਪੈ ਕੇ ਤਾਂ ਪੰਛੀ ਅਤੇ ਜਾਨਵਰ ਵੀ ਬੱਚੇ ਦੇਣਾ ਬੰਦ ਕਰ ਦਿੰਦੇ ਹਨ।

ਏਸੇ ਸਮੇਂ ਦੌਰਾਨ ਜੇ ਅਸੀਂ ਆਪਣੇ ਸਿਆਸੀ ਅਤੇ ਧਾਰਮਕ ਨੇਤਾਵਾਂ ਵੱਲ ਨਿਗਾਹ ਮਾਰੀਏ ਤਾਂ ਅਸਾਨੂੰ ਆਪਣੇ ਪਤਨ ਦੇ ਦੋ ਵੱਡੇ ਸਹਾਇਕ ਕਾਰਣ ਮਿਲ ਜਾਣਗੇ। ਅਸਾਡੇ ਸਿਆਸੀ ਆਗੂਆਂ ਨੂੰ ਅਸੀਂ ਐਸ਼ੋਇਸ਼ਰਤ ਵਿੱਚ ਗਲਤਾਨ, ਵੱਧ ਤੋਂ ਵੱਧ ਮਾਇਆ ਇਕੱਠੀ ਕਰਨ, ਜਾਇਦਾਦਾਂ ਬਣਾਉਣ ਦੇ ਆਹਰ ਵਿੱਚ ਰੁੱਝੇ, ਪੁੱਤ ਪੋਤਰਿਆਂ ਲਈ ਗੱਦੀਆਂ ਮਹਿਫ਼ੂਜ਼ ਕਰਦੇ, ਅੰਮ੍ਰਿਤ ਨੂੰ ਠੱਠੇ ਕਰਦੇ ਅਤੇ ਸਿੱਖ ਰਹਿਤ ਵੱਲ ਸੰਕੇਤ ਕਰਕੇ ਮੁਸਕੜੀਆਂ ਹੱਸਦੇ ਪਾਵਾਂਗੇ। ਪੰਜਾਬ ਦੀ ਹਨੂਮਾਨ ਦੀ ਪੂਛ ਵਾਂਗ ਵਧਦੀ ਗਰੀਬੀ ਅਤੇ ਤੇਲ ਦੇ ਟੈਂਕਰਾਂ ਵਿੱਚ ਬੰਦ ਹੋ ਕੇ ਵਿਦੇਸ਼ ਨੂੰ ਜਾਂਦੇ, ਖਾਰੇ ਸਮੁੰਦਰਾਂ ਦੀਆਂ ਮੱਛੀਆਂ ਦਾ ਖਾਣਾ ਬਣਦੇ ਨੌਜਵਾਨਾਂ ਲਈ ਇਹਨਾਂ ਕਦੇ ਹੰਝੂ ਨਹੀਂ ਕੇਰਿਆ — ਨਾ ਕੋਈ ਬਚਾਅ ਦਾ ਇੰਤਜ਼ਾਮ ਕੀਤਾ। ਇਹਨਾਂ ਦੇ ਲਾਏ ਪੱਛਾਂ ਦਾ ਲਹੂ ਪੀਣ ਲਈ ਮੁੱਛਾਂ ਸਵਾਰਦੇ, ਛੇਕਣ ਛੁਰੀਆਂ ਸਾਣ 'ਤੇ ਲਾਉਂਦੇ ਸਾਡੇ ਬਾਬੇ, ਸੰਤ, ਜਥੇਦਾਰਾਂ, ਡੇਰੇਦਾਰਾਂ ਦੀਆਂ ਧਾੜਾਂ ਦਿੱਸਣਗੀਆਂ। ਸਿੱਖ ਵਿਰਸੇ ਦਾ ਮੁਕੰਮਲ ਵਿਨਾਸ਼ ਕਰਦੇ, ਸਿੱਖਾਂ ਦਾ ਆਰਥਕ, ਸਰੀਰਕ ਸ਼ੋਸ਼ਣ ਕਰਦੇ ਸੰਤ ਬਾਣੇ ਪਾਈ, ਗੋਲ ਪੱਗਾਂ ਬੰਨ੍ਹੀ, ਤੁਹਾਨੂੰ ਧਾਰਮਕ ਆਗੂ ਕਲਜੋਗਣਾਂ ਵਾਂਗ ਕਿਲਕਾਰੀਆਂ ਮਾਰਦੇ ਦਿੱਸਣਗੇ। ਸਾਊ ਤੋਂ ਸਾਊ ਆਗੂਆਂ ਨੂੰ ਵੀ ਤੁਸੀਂ ਕੱਟੜਵਾਦ ਦੀ ਛੁਰੀ ਨਾਲ ਸਿੱਖਾਂ ਦਾ ਮਾਸ ਨੋਚਦੇ ਵੇਖੋਗੇ। ■

ਇਸ ਸਮੇਂ ਦੌਰਾਨ ਇਹਨਾਂ ਸਾਰੀਆਂ ਅਲਾਮਤਾਂ ਦਾ ਵਿਸ਼ਲੇਸ਼ਣ ਕਰਨ ਵਾਲੀ, ਦੁਸ਼ ਪ੍ਰਭਾਵ ਬਾਰੇ ਕੌਮ ਨੂੰ ਸੁਚੇਤ ਕਰਨ ਵਾਲੀ, ਸਿੱਖ ਧਰਮ ਦੀ ਹੋਂਦ ਅਤੇ ਹੋਣੀ ਸਬੰਧੀ ਚਿੰਤਾਤੁਰ ਤੁਹਾਨੂੰ ਕੋਈ ਸੰਸਥਾ ਨਜ਼ਰ ਨਹੀਂ ਆਵੇਗੀ। ਅਸੀਂ ਤਾਂ ਆਪਣੇ ਵਿਨਾਸ਼ ਦਾ ਮੁਕੰਮਲ ਪ੍ਰਬੰਧ ਆਪਣੇ ਆਪ ਕਰ ਰੱਖਿਆ ਹੈ। ਚੇਤੇ ਕਰੀਏ ਜੁੱਗੋ-ਜੁੱਗ ਅਟੱਲ ਸੱਚੇ ਸਾਹਿਬ ਦਾ ਸਾਡੇ ਸਮੁੱਚੇ ਕਿਰਦਾਰ ਸਬੰਧੀ ਫੁਰਮਾਨ ਜਿਸ ਦਾ ਕਿ ਏਹੋ ਨਤੀਜਾ ਹੀ ਨਿਕਲ ਸਕਦਾ ਸੀ:

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥

ਗੁਰਤੇਜ ਸਿੰਘ

✪✪✪✪✪

## ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ-ਜੋਤ ਸਮਾਉਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ

ਡਾ. ਗੰਡਾ ਸਿੰਘ

ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ-ਜੋਤ ਸਮਾਉਣਾ ਇੱਕ ਕੁਦਰਤੀ ਅਤੇ ਇਤਿਹਾਸਕ ਘਟਨਾ ਹੈ ਪਰ ਸਾਡਾ ਦੇਸ਼ ਪੁਰਾਣੀਆਂ ਕਥਾ ਕਹਾਣੀਆਂ 'ਤੇ ਪਲਿਆ ਹੋਇਆ ਹੈ। ਇੱਥੇ ਜ਼ਿਆਦਾ ਕਰਕੇ ਲਿਖਿਆ ਗਿਆ ਭੀ ਮਿਥਿਹਾਸ (Mythology) ਅਤੇ ਸਤੋਤਰ ਹੀ ਹੈ ਅਤੇ ਉਹ ਭੀ ਕਵਿਤਾ ਵਿੱਚ। ਜਿਨ੍ਹਾਂ ਲਿਖਾਰੀਆਂ ਨੇ ਇਤਿਹਾਸ ਲਿਖਣ ਜਾ ਯਤਨ ਭੀ ਕੀਤਾ ਹੈ ਉਹ ਭੀ ਮਿਥਿਹਾਸਕ ਕਲਪਨਾ ਤੋਂ ਪੂਰੀ ਤਰ੍ਹਾਂ ਬਚ ਨਹੀਂ ਸਕੇ। ਉਹਨਾਂ ਨੇ ਆਪਣੇ ਸਮੇਂ ਦੇ ਵਿਚਾਰਾਂ ਅਨੁਸਾਰ ਆਪਣੇ ਵਿਸ਼ੇ ਨੂੰ ਢਾਲ ਕੇ ਪੇਸ਼ ਕੀਤਾ ਹੈ ਤੇ ਆਪਣੇ ਮਨ ਵਿੱਚ ਬਣੀ ਹੋਈ ਸ਼ਰਧਾ ਜਾਂ ਵਿਰੋਧ ਨੂੰ ਹੋਰ ਗੂੜ੍ਹਾ ਕਰ ਦਿੱਤਾ ਹੈ। ਇਸ ਦਾ ਵੱਡਾ ਕਾਰਣ ਇਹ ਹੈ ਕਿ ਯਥਾਰਥਕ ਇਤਿਹਾਸ ਦੀ ਪ੍ਰਥਾ ਇੱਥੇ ਬਹੁਤ ਹੀ ਘੱਟ ਸੀ। ਅਸਲ ਵਿੱਚ ਇਤਿਹਾਸ ਹੈ ਹੀ ਇੱਕ ਸਾਮੀ ਜਾਂ ਅਰਬੀ ਇਲਮ ਅਤੇ ਇਸ ਦਾ ਵਿਕਾਸ ਅਤੇ ਇਸ ਦੀ ਪਰਪੱਕਤਾ ਭੀ ਉਨ੍ਹਾਂ ਲੋਕਾਂ ਵਿੱਚ ਹੀ ਹੋਈ ਹੈ ਜਿਵੇਂ ਕਿ ਹਿਦੁਸਤਾਨੀਆਂ ਵਿੱਚ ਕਾਵਿ, ਫ਼ਿਲਾਸਫ਼ੀ, ਹਿਸਾਬ ਆਦਿ ਉੱਚੀਆਂ ਟੀਸੀਆਂ ਪਰ ਪੁੱਜੇ ਹਨ। ਭਾਰਤ ਨੇ ਬੜੇ-ਬੜੇ ਮਹਾਂ-ਕਵੀਆਂ ਅਤੇ ਰੂਹਾਨੀ ਫ਼ਿਲਾਸਫ਼ਰਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦੀਆਂ ਦਿਮਾਗੀ ਦੌੜਾਂ ਅਤੇ ਇਸ ਦਿੱਸਦੇ ਸੰਸਾਰ ਤੋਂ ਦੂਰ ਅਨੰਤ ਗਗਨਾਂ ਵਿੱਚ ਉਡਾਰੀਆਂ ਵਿੱਚ ਹਾਲੇ ਤੱਕ ਭੀ ਉਹਨਾਂ ਨੂ ਕੋਈ ਛੂਹ ਨਹੀ ਸਕਿਆ। ਇਸ ਦ੍ਰਿਸ਼ਟਮਾਨ ਸੰਸਾਰ ਨੂੰ ਉਹ ਮਿਥਿਆ ਸਮਝਦੇ ਸਨ ਅਤੇ ਇਸ ਦੇ ਨਾਸ਼ਵਾਨ ਮਨੁੱਖਾਂ ਨਾਲ ਦਿਨ ਦਿਨ ਬੀਤਦੀਆਂ ਘਟਨਾਵਾਂ ਨੂੰ ਛਿਨ-ਭੰਗਰੀ ਮਾਇਆਜਾਲ, ਜਿਸ ਤੋਂ ਬਚਣ ਅਤੇ ਦੂਰ ਰਹਿਣ ਵਿੱਚ ਹੀ ਮਨੁੱਖੀ ਜੀਵਨ ਦੀ ਕਲਿਆਣ ਸਮਝੀ ਜਾਂਦੀ ਸੀ। ਇਸ ਲਈ ਇਨ੍ਹਾਂ ਨੂੰ ਮੁੜ ਚੇਤੇ ਕਰਨ ਜਾਂ ਇੰਨ-ਬਿੰਨ ਲਿਖ ਰੱਖਣ ਨੂੰ ਇਹ ਵਿਅਰਥ ਗੱਲ ਸਮਝਦੇ ਸਨ। ਇਸ ਲਈ ਹੀ ਉਨ੍ਹਾਂ ਨੇ ਇਸ ਹੁਨਰ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਇਸ ਤੋਂ ਬਿਨਾ ਉਨ੍ਹਾਂ ਦੀ ਫ਼ਿਲਾਸਫ਼ੀ ਅਨੁਸਾਰ ਮਨੁੱਖਾਂ ਦੀਆਂ ਅਨੰਤ ਜੂਨਾਂ ਹਨ ਅਤੇ ਉਨ੍ਹਾਂ ਨੇ ਮੁੜ-ਮੁੜ ਜਨਮ ਲਈ ਜਾਣਾ ਹੈ, ਇਸ ਲਈ ਉਨ੍ਹਾਂ ਨੂੰ ਕੋਈ ਕਾਹਲੀ ਭੀ ਨਹੀਂ ਸੀ।

ਪਰ ਜਦ ਵਿਦੇਸ਼ੀ ਲੋਕ ਲਹਿੰਦੇ ਵੱਲੋਂ ਇਸ ਹੁਨਰ ਨੂੰ ਆਪਣੇ ਨਾਲ ਲੈ ਭੀ ਆਏ ਤਾਂ ਭੀ ਭਾਰਤੀਆਂ ਨੇ ਇਸ ਨੂੰ ਛੇਤੀ-ਛੇਤੀ ਨਹੀਂ ਅਪਣਾਇਆ। ਵਿਦੇਸ਼ੀ ਲੋਕਾਂ ਨੂੰ ਇਹ ਮਲੇਛ ਸੱਦਦੇ ਸਨ ਅਤੇ ਉਨ੍ਹਾਂ ਦੀ ਬੋਲੀ ਅਤੇ ਇਲਮ ਨੂੰ ਮਲੇਛ-ਵਿੱਦਿਆ, ਜਿਸ ਨੂੰ ਪੜ੍ਹਨਾ-ਪੜ੍ਹਾਉਣਾ ਚੰਗਾ ਨਹੀਂ ਸਮਝਿਆ ਜਾਂਦਾ। ਪਰ ਜਿਉਂ-ਜਿਉਂ ਪਠਾਨ ਅਤੇ ਮੁਗ਼ਲ ਇੱਥੇ ਵੱਸਦੇ ਗਏ ਅਤੇ ਇਸ ਦੇਸ਼ ਵਿੱਚ ਉਨ੍ਹਾਂ ਦਾ ਰਾਜ ਪੱਕਾ ਹੁੰਦਾ ਗਿਆ ਅਤੇ ਇੱਥੇ ਦੇ ਪੁਰਾਣੇ ਹਿੰਦੂ ਵਸਨੀਕ ਰਾਜ-ਕਾਜ ਵਿੱਚ ਕਰਮਚਾਰੀ ਬਣਨੇ ਸ਼ੁਰੂ ਹੋ ਗਏ ਤਾਂ ਉਨ੍ਹਾਂ ਲਈ ਰਾਜ-ਭਾਸ਼ਾ ਦਾ ਪੜ੍ਹਨਾ ਜ਼ਰੂਰੀ ਹੋ ਗਿਆ। ਇਸ ਤਰ੍ਹਾਂ ਉਹ ਯਥਾਰਥਕ ਇਤਿਹਾਸ ਤੋਂ ਭੀ ਜਾਣੂੰ ਹੋਣ ਲੱਗ ਪਏ। ਪਰ ਇਸ ਦੇ ਲਿਖਣ ਦੇ ਹੁਨਰ ਨੂੰ ਅਪਣਾਇਆ ਉਨ੍ਹਾਂ ਵਿੱਚੋਂ ਬਹੁਤ ਹੀ ਘੱਟ ਨੇ — ਕਿਧਰੇ ਕਿਸੇ ਟਾਵੇਂ-ਟਾਵੇਂ ਨੇ ਹੀ। ਪਰ ਜਨਮ-ਜਨਮਾਂਤਰਾਂ ਤੋਂ ਹੱਡਾਂ ਵਿੱਚ ਰਚੀ ਹੋਈ ਅਤੇ ਚੱਲੀ ਆ ਰਹੀ ਕਥਾ-ਕਲਪਣਾ ਦੀ ਇਸ ਵਿੱਚ ਮਿਲਾਵਟ ਕਰਨ ਤੋਂ ਪੂਰੀ ਤਰ੍ਹਾਂ ਹੋਰ ਭੀ ਘੱਟ ਬਚ ਸਕੇ— ਖ਼ਾਸ ਕਰਕੇ ਉਸ ਵੇਲੇ ਜਦ ਉਨ੍ਹਾਂ ਨੇ ਮਹਾਂ-ਪੁਰਸ਼ਾਂ ਦੀਆਂ ਜੀਵਨੀਆਂ ਲਿਖਣ ਦਾ ਯਤਨ ਕੀਤਾ। ਇਹ ਗੱਲ ਹਿੰਦੂ ਲਿਖਾਰੀਆਂ ਦੇ ਲਿਖੇ ਅਨੇਕਾਂ ਜੀਵਨ-ਚਰਿਤ੍ਰਾਂ ਅਤੇ ਸਿੱਖਾਂ ਦੀਆਂ ਲਿਖੀਆਂ ਜਨਮ ਸਾਖੀਆਂ, ਗੁਰਬਿਲਾਸਾਂ, ਪੰਥ ਪ੍ਰਕਾਸ਼ਾਂ ਆਦਿ ਪੁਸਤਕਾਂ ਤੋਂ ਸਪਸ਼ਟ ਹੈ।

ਇਤਿਹਾਸ ਅਤੇ ਕਵਿਤਾ ਦੋ ਵੱਖਰੇ ਇਲਮ ਹਨ। ਇੱਕ ਦਾ ਦੂਸਰੇ ਨਾਲ ਕੋਈ ਸਬੰਧ ਨਹੀਂ। ਇਤਿਹਾਸ ਇੱਕ ਸਾਇੰਸ ਹੈ ਜਿਸ ਵਿੱਚ ਹਿਸਾਬ ਦੀ ਤਰ੍ਹਾਂ ਪੱਕਾ ਠੀਕ ਰਹਿਣਾ ਚਾਹੀਦਾ ਹੈ ਅਤੇ ਆਪਣੇ ਮਸਲੇ ਤੋਂ ਰਤਾ ਭਰ ਭੀ ਇੱਧਰ-ਓਧਰ ਹੋਣ ਦੀ ਗੁੰਜਾਇਸ਼ ਨਹੀ, ਕਿਉਂਕਿ ਫਿਰ ਉਸ ਹੱਦ ਤੱਕ ਉਸ ਵਿੱਚ ਗ਼ਲਤੀ ਦੀ ਮਿਲਾਵਟ ਹੋ ਜਾਣ ਦਾ ਖ਼ਤਰਾ ਹੈ ਜਿਸ ਨਾਲ ਉਹ ਸੱਚਾ-ਸੁੱਚਾ ਇਤਿਹਾਸ ਨਹੀ ਰਹਿ ਜਾਂਦਾ। ਦੂਸਰੇ ਪਾਸੇ ਕਵਿਤਾ ਦਿਮਾਗੀ

ਉੱਚ-ਉਡਾਰੀਆਂ ਦਾ ਹੁਨਰ ਹੈ। ਜਿਤਨਾ ਉੱਚਾ ਕੋਈ ਵਿਦਵਾਨ ਖਿਆਲਾਂ ਦੀ ਦੁਨੀਆਂ ਵਿੱਚ ਉੱਡ ਸਕਦਾ ਅਤੇ ਆਪਣੀ ਵਿਚਾਰ-ਕਲਪਣਾ ਨੂੰ ਸੁਯੋਗ ਅਤੇ ਸੁੰਦਰ ਸ਼ਬਦਾਂ ਵਿੱਚ ਬੰਨ੍ਹ ਸਕਦਾ ਹੈ, ਉਤਨਾ ਹੀ ਨਿਪੁੰਨ ਅਤੇ ਮਨਮੋਹਨਾ ਉਹ ਕਵੀ ਹੈ।

ਸਿੱਖ ਗੁਰੂ ਸਾਹਿਬਾਂ ਦੇ ਜੀਵਨ-ਚਰਿਤ੍ਰ ਲਿਖਣ ਵਾਲੇ ਵਿਦਵਾਨ ਜਿੱਥੇ ਉੱਚ-ਅਸਮਾਨ ਉਡਾਰੀਆਂ ਵਾਲੇ ਮਹਾਨ ਕਵੀ ਸਨ, ਉੱਥੇ ਉਹ ਪ੍ਰਾਚੀਨ ਹਿੰਦੂ ਪੁਰਾਣਕ ਗ੍ਰੰਥਾਂ, ਸਾਮੀ ਅਰਥਾਤ ਯਹੂਦੀ, ਈਸਾਈ ਅਤੇ ਇਸਲਾਮਕ ਸਾਹਿਤ ਤੋਂ ਭੀ ਵਾਕਫ ਸਨ, ਜੋ ਆਪਣੇ ਬਜ਼ੁਰਗਾਂ ਸਬੰਧੀ ਕਰਾਮਾਤੀ ਕਹਾਣੀਆਂ ਨਾਲ ਭਰਪੂਰ ਹਨ। ਕੁਝ ਲੋਕ ਤਾਂ ਅਲੌਕਿਕ ਕ੍ਰਿਸ਼ਮਿਆਂ ਅਤੇ ਗੈਰ-ਕੁਦਰਤੀ ਕਰਾਮਾਤਾਂ ਨੂੰ ਹੀ ਧਾਰਮਕ ਮਹਾਂ-ਪੁਰਖਾਂ ਦੀ ਬਜ਼ੁਰਗੀ ਦੀ ਨਿਸ਼ਾਨੀ ਸਮਝਦੇ ਸਨ ਅਤੇ ਹੁਣ ਤੱਕ ਸਮਝ ਰਹੇ ਹਨ। ਇਸੇ ਖਿਆਲ ਦੇ ਅਸਰ ਹੇਠਾਂ ਬਹੁਤ ਸਾਰੇ ਸਿੱਖ ਲਿਖਾਰੀਆਂ ਨੇ ਭੀ ਆਪਣੀਆਂ ਦਿਮਾਗੀ ਕਾਵਿ-ਉਡਾਰੀਆਂ ਅਤੇ ਕਲਪਣਾ-ਸ਼ਕਤੀ ਨੂੰ ਪੂਰੀ-ਪੂਰੀ ਖੁੱਲ੍ਹ ਦਿੱਤੀ ਹੈ ਅਤੇ ਗੁਰੂ ਸਾਹਿਬਾਂ ਦੀ ਬਜ਼ੁਰਗੀ ਅਤੇ ਆਤਮਕ ਅਤੇ ਧਾਰਮਕ ਉੱਚਤਾ ਨੂੰ ਹੋਰ ਧਰਮਾਂ ਵਾਲਿਆਂ ਨਾਲੋਂ ਕਿਸੇ ਪਾਸਿਓਂ ਭੀ ਘੱਟ ਨਾ ਰਹਿਣ ਦੇਣ ਲਈ ਕਈ ਇੱਕ ਅਲੌਕਿਕ ਕਥਾਵਾਂ ਉਹਨਾਂ ਦੇ ਜੀਵਨ-ਚਰਿਤ੍ਰਾਂ ਵਿੱਚ ਰਲਾ ਦਿੱਤੀਆਂ ਹਨ। ਆਪਣੀ ਵੱਲੋ ਤਾਂ ਇਨ੍ਹਾਂ ਵਿਦਵਾਨਾਂ ਨੇ ਆਪਣੇ ਸਮੇਂ ਦੇ ਲੋਕਾਂ ਦੀਆਂ ਰੁਚੀਆਂ ਅਨੁਸਾਰ ਗੁਰੂ-ਸਾਹਿਬਾਂ, ਸਿੱਖੀ ਅਤੇ ਸਿੱਖਾਂ ਦੀ ਬੜੀ ਸੇਵਾ ਕੀਤੀ ਹੈ ਪਰ ਅਸਲ ਵਿੱਚ ਉਹ ਗੁਰੂ ਸਾਹਿਬਾਂ ਦੇ ਜੀਵਨ-ਚਰਿਤ੍ਰਾਂ ਵਿੱਚ ਆਪਣੀ ਕਲਪਣਾ ਰਲਾ ਕੇ ਸੱਚ ਵਿੱਚ ਝੂਠ ਦੀ ਜ਼ਹਿਰ ਮਿਲਾ ਗਏ ਹਨ ਅਤੇ ਜਾਣੇ ਜਾਂ ਅਣਜਾਣੇ ਉਨ੍ਹਾਂ ਨਿਰੋਲ ਇਤਿਹਾਸ ਨੂੰ ਮਿਥਿਆ ਬਣਾ ਕੇ ਰੱਖ ਦਿੱਤਾ ਹੈ, ਜਿਸ ਦਾ ਨਤੀਜਾ ਇਹ ਹੋਇਆ ਹੈ ਕਿ ਯਥਾਰਥਕ ਇਤਿਹਾਸ ਦੇ ਵਿਦਿਆਰਥੀਆਂ ਦੀਆਂ ਨਜ਼ਰਾਂ ਵਿੱਚ ਸਿੱਖ ਇਤਿਹਾਸ ਦੇ ਅਨੰਤ ਵਾਕਿਆਤ ਸ਼ੱਕੀ ਹੋ ਗਏ ਹਨ ਅਤੇ ਕਈ ਹੋਰ ਸਪਸ਼ਟ ਵਾਕਿਆਤ ਪਰ ਭੀ ਸ਼ੱਕ ਹੋਣ ਲੱਗ ਪਈ ਹੈ। ਹੋਰ ਤਾਂ ਇੱਕ ਪਾਸੇ ਰਿਹਾ, ਗੁਰੂ ਸਾਹਿਬਾਂ ਦੇ ਜੋਤੀ-ਜੋਤ ਸਮਾਉਣ ਦੇ ਸਪਸ਼ਟ ਕੁਦਰਤੀ ਵਾਕਿਆਤ ਨੂੰ ਭੀ ਸਾਡੇ ਮਹਾਨ ਕਵੀਆਂ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਉਹ ਅਲੌਕਿਕ ਜਾਪਣ। ਪਰ ਸਾਰਾ ਸੰਸਾਰ ਕਰਿਸ਼ਮਿਆਂ ਅਤੇ ਕਰਾਮਾਤਾਂ ਵਿੱਚ ਯਕੀਨ ਨਹੀਂ ਰੱਖਦਾ। ਕੁਦਰਤੀ ਇਤਿਹਾਸਕ ਸੱਚਾਈ ਦੇ ਢੂੰਡਾਊ ਜਾਂ ਤਾਂ ਇਨ੍ਹਾਂ ਨੂੰ ਲੇਖਕਾਂ ਦੀਆਂ ਮਨੋਕਲਪਨਾਵਾਂ ਸਮਝਦੇ ਹਨ ਜਾਂ ਕਿਸੇ ਇਤਰਾਜ਼ਯੋਗ ਗੱਲ ਛਪਾਉਣ ਲਈ ਜਾਂ ਕਿਸੀ ਅਨੁਚਿਤ ਸੁਆਰਥ-ਸਿੱਧੀ ਲਈ ਪਾਇਆ ਹੋਇਆ ਪਰਦਾ।

ਸ੍ਰੀ ਗੁਰੂ ਅਰਜਨ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਆਦਿ ਸਬੰਧੀ ਮੁਗ਼ਲ ਬਾਦਸ਼ਾਹ ਦੀ ਜ਼ੁੰਮੇਵਾਰੀ ਨੂੰ ਘਟਾਉਣ ਲਈ ਵਿਰੋਧੀਆਂ ਦੇ ਹੱਥਾਂ ਨੂੰ ਉਹ ਕਾਵਿ-ਕਲਪਣਾ ਅਤੇ ਕਰਾਮਾਤੀ ਕਹਾਣੀਆਂ ਮਜ਼ਬੂਤ ਕਰਨ ਲਈ ਵਰਤੀਆਂ ਜਾਂਦੀਆਂ ਹਨ ਜੋ ਸਾਡੇ ਲਿਖਾਰੀਆਂ ਨੇ ਆਪਣੇ ਗ੍ਰੰਥਾਂ ਵਿੱਚ ਉਨ੍ਹਾਂ ਦੇ ਆਪੇ ਅਲੋਪ ਹੋ ਜਾਣ ਜਾਂ ਉਨ੍ਹਾਂ ਦੀ ਕਰਾਮਾਤ ਦੱਸਣ ਲਈ ਦਰਜ ਕੀਤੀਆਂ ਹੋਈਆਂ ਹਨ। ਦੇਹ ਸਮੇਤ ਅਲੋਪ ਹੋ ਜਾਣ ਦੀਆਂ ਕਥਾਵਾਂ ਗੁਰੂ ਨਾਨਕ, ਬਾਬਾ ਸ੍ਰੀ ਚੰਦ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਆਮ ਪ੍ਰਸਿੱਧ ਹਨ। ਬਾਬਾ ਸ੍ਰੀ ਚੰਦ ਅਤੇ ਗੁਰੂ ਗੋਬਿੰਦ ਸਿੰਘ ਤਾਂ ਆਪਣਾ-ਆਪਣਾ ਘੋੜਾ ਭੀ ਨਾਲ ਹੀ ਸੁਰਗ ਲੋਕ ਨੂੰ ਲੈ ਗਏ ਲਿਖਿਆ ਹੋਇਆ ਹੈ। ਇਸ ਤਰ੍ਹਾਂ ਸਮਾਂ ਬੀਤਦੇ ਜਾਣ ਨਾਲ ਗੁਰੂ ਗੋਬਿੰਦ ਸਿੰਘ ਦੇ ਜੋਤੀ-ਜੋਤ ਸਮਾ ਜਾਣ ਤੋਂ ਬਾਅਦ ਹੋਰ ਕਈ ਕਥਾਵਾਂ ਵਿਦਵਾਨ ਕਵੀਆਂ ਦੀਆਂ ਉੱਚ ਦਿਮਾਗੀ-ਉਡਾਰੀਆਂ ਦੁਆਰਾ ਬਣਦੀਆਂ ਅਤੇ ਜੁੜਦੀਆਂ ਰਹੀਆਂ ਹਨ ਜਿਨ੍ਹਾਂ ਦਾ ਕੁਝ ਕੁ ਸੰਖੇਪ ਜ਼ਿਕਰ ਅੱਗੇ ਕੀਤਾ ਜਾਏਗਾ।

ਇਹ ਇੱਕ ਇਤਿਹਾਸਕ ਸੱਚਾਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੱਖਣ (ਮਹਾਂਰਾਸ਼ਟਰ) ਵਿੱਚ ਨਾਂਦੇੜ ਦੇ ਅਸਥਾਨ ਪਰ ਕਤਕ ਸੁਦੀ ਪੰਜਵੀਂ (ਕਤਕ ਪਰਵਿਸ਼ਟਾ 6) ਸੰਬਤ 1765, 7 ਅਕਤੂਬਰ ਸੰਨ 1708 ਈ:, 3 ਸ਼ਾਬਾਨ 1720 ਹਿਜਰੀ ਨੂੰ ਜੋਤੀ-ਜੋਤ ਸਮਾ ਗਏ ਸਨ।

ਬਹਾਦਰ ਸ਼ਾਹ ਬਾਦਸ਼ਾਹ ਇਸ ਵੇਲੇ ਨਾਂਦੇੜ ਤੋਂ ਗੋਦਾਵਰੀ ਨਦੀ ਪਾਰ ਕਰ ਕੇ ਆਪਣੇ ਭਾਈ ਕਾਮਬਖ਼ਸ਼ ਦੀ ਬਗ਼ਾਵਤ ਨੂੰ ਮਿਟਾਉਣ ਲਈ ਉਸ ਦੇ ਵਿਰੁੱਧ ਜਾ ਚੁੱਕਾ ਸੀ। 26 ਸ਼ਾਬਾਨ (30 ਅਕਤੂਬਰ) ਨੂੰ ਉਸ ਨੇ ਹੁਕਮ ਦਿੱਤਾ ਕਿ ਸੁਰਗਵਾਸੀ ਗੁਰੂ ਗੋਬਿੰਦ ਸਿੰਘ ਨਾਨਕ ਪੰਥੀ ਦੇ (ਮਾਤਾ ਸੁਦਰੀ ਜੀ ਦੇ ਲੈ-ਪਾਲਕ) ਪੁੱਤਰ ਨੂੰ ਬਾਦਸ਼ਾਹ ਦੇ ਹਜ਼ੂਰ ਅਰਜ਼ ਹੋਈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਜਾਇਦਾਦ ਕਾਫ਼ੀ ਹੈ, ਉਸ ਦੀ ਜ਼ਬਤੀ ਸਬੰਧੀ ਕੀ ਸ਼ਾਹੀ ਹੁਕਮ ਹੈ। ਬਾਦਸ਼ਾਹ ਨੇ ਹੁਕਮ ਦਿੱਤਾ ਕਿ "ਇਹ ਦਰਵੇਸ਼ਾਂ ਦਾ ਮਾਲ ਹੈ, ਇਸ ਵਿੱਚ ਕੋਈ ਰੋਕ ਨਾ ਪਾਓ, ਇਸ ਮਾਲ ਨਾਲ ਬਾਦਸ਼ਾਹੀ ਖਜ਼ਾਨਾ ਨਹੀ ਭਰ ਜਾਣਾ (ਅਖਬਾਰਿ ਦਰਬਾਰਿ ਮੁਅੱਲਾ)।" ਇਨ੍ਹਾਂ ਦੋਹਾਂ ਖ਼ਬਰਾਂ ਵਿੱਚ, ਜੋ ਚਾਰ-ਪੰਜ ਸਾਤਿਆਂ ਦੇ ਅੰਦਰ ਦੀਆਂ ਬੜੀ ਇਤਿਹਾਸਿਕ ਮਹੱਤਤਾ ਵਾਲੇ ਰਿਕਾਰਡ ਦੀਆਂ ਹਨ, ਗੁਰੂ ਗੋਬਿੰਦ ਸਿੰਘ ਜੀ ਸਬੰਧੀ 'ਮਾਤਮੀਂ' ਅਤੇ 'ਮੁਤਵੱਜਾ' ਵਰਤੇ ਹੋਏ ਹਨ ਜੋ ਕੇਵਲ ਮਰ ਚੁੱਕੇ ਹੋਏ ਮਨੁੱਖਾਂ ਲਈ ਹੀ ਵਰਤੇ ਜਾਂਦੇ ਹਨ, ਜੀਉਂਦਿਆਂ ਲਈ ਨਹੀਂ। ਇਸ ਵੇਲੇ ਦੀ ਗਵਾਹੀ ਤੋਂ ਬਾਅਦ ਕਿਸੇ ਹੋਰ ਗਵਾਹੀ

ਦੀ ਲੋੜ ਨਹੀਂ ਰਹਿ ਜਾਂਦੀ। ਪਰ ਗੁਰੂ ਗੋਬਿੰਦ ਸਿੰਘ ਜੀ ਇੱਕ ਇਤਿਹਾਸਕ ਮਹਾਂ-ਪੁਰਖ ਸਨ, ਇਸ ਲਈ ਉਨ੍ਹਾਂ ਦੇ ਜੀਵਨ ਅਤੇ ਦੇਹਾਂਤ ਦਾ ਜ਼ਿਕਰ ਅਨੰਤ ਇਤਿਹਾਸਕ ਗ੍ਰੰਥਾਂ ਵਿੱਚ ਆਇਆ ਹੈ ਜੋ ਸਮਕਾਲੀ ਅਤੇ ਬਾਅਦ ਦੇ ਮੁਸਲਮਾਨ, ਸਿੱਖ, ਹਿੰਦੂ, ਇਸਾਈ ਇਤਿਹਾਸਕਾਰਾਂ ਨੇ ਲਿਖੇ ਹਨ।

'ਸ੍ਰੀ ਗੁਰੂ ਸੋਭਾ' ਗ੍ਰੰਥ ਅਨੰਦਪੁਰ ਸਾਹਿਬ ਵਿੱਚ ਹਜ਼ੂਰ ਦੇ ਇੱਕ ਦਰਬਾਰੀ ਵਿਦਵਾਨ ਕਵਿ ਸੈਨਾਪਤਿ ਨੇ ਗੁਰੂ ਸਾਹਿਬ ਦੇ ਦੇਹਾਂਤ ਦੇ ਤਿੰਨ ਵਰ੍ਹਿਆਂ ਦੇ ਅੰਦਰ ਹੀ ਸੰਮਤ 1768 ਬਿ., ਸੰਨ 1711 ਈ. ਵਿੱਚ ਸਮਾਪਤ ਕੀਤਾ ਸੀ। ਉਸ ਨੇ ਆਪਣੇ ਅਠਾਰ੍ਹਵੇਂ ਧਿਆਏ (32-43) ਵਿੱਚ ਸਪਸ਼ਟ ਲਿਖਿਆ ਹੈ ਕਿ ਕਤਕ ਸੁਦੀ ਪੰਚਮੀ. ਸੰਮਤ 1763 ਨੂੰ ਨਾਂਦੇੜ ਵਿੱਚ ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤ ਸਮਾ ਗਏ ਅਤੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ।

ਮਿਰਜ਼ਾ ਮੁਹੰਮਦ ਹਾਰਿਸੀ ਨੇ ਆਪਣੀ ਪੁਸਤਕ 'ਇਬ੍ਰਤ-ਨਾਮ-ਸਵਾਨਿਹ' ਵਿੱਚ, ਜੋ ਸੰਨ 1718 ਈ. (ਸੰਨ 1131 ਹਿਜਰੀ) ਵਿੱਚ ਖ਼ਤਮ ਹੋਈ, ਲਿਖਿਆ ਹੈ ਕਿ ਦੱਖਣ ਵਿੱਚ ਦੇਹਾਂਤ ਤੋਂ ਬਾਅਦ ਗੁਰੂ ਸਾਹਿਬ ਦੇ ਸਰੀਰ ਨੂੰ ਅਗਨ-ਭੇਂਟ ਕਰ ਦਿੱਤਾ ਗਿਆ। ਸੱਯਦ ਮੁਹੰਮਦ ਕਾਸਿਮ ਨੇ 'ਇਬ੍ਰਤ-ਨਾਮਾ' (1135 ਹਿਜਰੀ, ਸੰਨ 1722 ਈ.) ਅਤੇ 'ਇਬ੍ਰਤ-ਮਾਲਕੋ' (1144 ਹਿ. ਸੰਨ 1731 ਈ.) ਵਿੱਚ ਲਿਖਿਆ ਹੋਇਆ ਹੈ ਕਿ ਗੁਰੂ ਸਾਹਿਬ ਦੇ ਸਿੱਖਾਂ ਨੇ ਉਨ੍ਹਾਂ ਨੂੰ ਚੰਦਨ ਦੀ ਚਿਖਾ ਵਿੱਚ ਅਗਨੀ ਦੇ ਸਪੁਰਦ ਕਰ ਦਿੱਤਾ। ਇਸੇ ਤਰ੍ਹਾਂ ਰਾਇ ਚਤਰਮਨ ਸੰਨ 1759 ਈ. ਨੂੰ ਪੂਰਨ ਹੋਈ 'ਚਹਾਰ-ਗੁਲਸ਼ਨ ਅਖਬਾਰੁ ਨਵਾਦਿਰ' (1173 ਹਿ.) ਵਿੱਚ ਲਿਖਦਾ ਹੈ ਕਿ ਗੁਰੂ ਸਾਹਿਬ ਦਾ ਉੱਥੇ ਨਾਂਦੇੜ ਵਿੱਚ ਦੇਹਾਂਤ ਹੋ ਗਿਆ ਸੀ। 'ਅਖਬਾਰ ਦਰਬਾਰਿ ਮੁਅੱਲਾ' ਦੇ ਲੇਖਕ ਅਤੇ ਪਿਛਲੇ ਤਿੰਨ ਮੁਸਲਮਾਨ ਅਤੇ ਹਿੰਦੂ ਨਿਰਪੱਖ ਲਿਖਾਰੀ ਹਨ, ਇਸ ਲਈ ਉਨ੍ਹਾਂ ਦੀ ਅਤੇ ਸੈਨਾਪਤਿ ਆਦਿ ਦੀ ਸਮਕਾਲੀ ਗਵਾਹੀ ਤੋਂ ਬਾਅਦ ਹੋਰ ਕਿਸੇ ਗਵਾਹੀ ਦੀ ਲੋੜ ਨਹੀ ਰਹਿ ਜਾਂਦੀ। ਇਨ੍ਹਾਂ ਵਿੱਚੋਂ ਕਿਸੇ ਨੇ ਭੀ ਗੁਰੂ ਸਾਹਿਬ ਦੇ ਦੇਹਾਂਤ ਸਬੰਧੀ ਕੋਈ ਸ਼ੱਕ ਵਾਲੀ ਗੱਲ ਨਹੀਂ ਲਿਖੀ। ਰਾਇ ਚਤਰਮਨ ਦਿੱਲੀ ਵਿੱਚ ਬਿਰਾਜਮਾਨ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵੀ (ਕੌਰ) ਜੀ ਦਾ ਜਾਣੂੰ ਸੀ ਅਤੇ ਉਸ ਨੇ ਇਨ੍ਹਾਂ ਦੋਹਾਂ ਦੇ ਦੇਹਾਂਤ ਦਾ ਜ਼ਿਕਰ ਭੀ ਕੀਤਾ ਹੈ। ਇਸ ਲਈ ਇਸ ਦੀ ਗਵਾਹੀ ਹੋਰ ਭੀ ਪ੍ਰਮਾਣਕ ਹੈ।

ਗੁਰੂ ਸਾਹਿਬ ਦੇ ਦੇਹਾਂਤ ਤੋ ਬਾਅਦ ਦਰਸ਼ਨ ਆਦਿ ਦੀ ਕਹਾਣੀ ਦਾ ਆਰੰਭ ਕੋਇਰ ਸਿੰਘ ਦੇ 'ਗੁਰ-ਬਿਲਾਸ ਪਾਤਸ਼ਾਹੀ 10' ਤੋਂ ਹੁੰਦਾ ਹੈ। ਗੁਰੂ ਸਾਹਿਬ ਦੇ ਅੰਤ ਸਮੇਂ ਦਾ ਜ਼ਿਕਰ ਕਰਦਾ ਹੋਇਆ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਪਿੱਛੋਂ ਸਸਕਾਰ ਕਰਨ ਦਾ ਜ਼ਿਕਰ ਕਰਦਾ ਹੈ। ਦੂਸਰੇ ਦਿਨ ਸਵੇਰੇ ਫੁੱਲ ਚੁਗਣ ਵੇਲੇ ਸਿੱਖਾਂ ਨੂੰ ਸੋਗ ਵਿੱਚ ਵੇਖ ਕੇ ਉੱਥੇ ਆਏ ਇੱਕ ਉਦਾਸੀ ਨੇ ਆ ਕੇ ਕਿਹਾ ਕਿ ਸਿੱਖਾਂ ਨੂੰ ਸੋਗ ਨਹੀ ਕਰਨਾ ਚਾਹੀਏ, ਮੈਨੂੰ ਗੁਰੂ ਜੀ ਆਪ ਮਿਲੇ ਸਨ ਅਤੇ ਸੋਗ ਨਾ ਕਰਨ ਦਾ ਸੁਨੇਹਾ ਦਿੱਤਾ ਹੈ ਜਿਵੇਂ ਕਿ :

ਤਬ ਅਯੋ ਸੋ ਏਕ ਉਦਾਸੀਆ ਜੂ
ਤਿਨ ਕਹਯੋ ਨਹਿ ਸੋਗ ਭੇ ਸਿਖ ਚਾਹੀ,
ਮੋਹਿ ਮਿਲੇ ਹੈਂ ਆਪ ਸੁਯਾਨ ਰਾਜੇ
ਕਹਯੋ ਦੇਹੁ ਸੰਦੇਸ ਨਹਿ ਸੋਕ ਕੀਜੈ

ਕੋਇਰ ਸਿੰਘ ਦੀ ਇਹ ਲਿਖਤ ਗੁਰੂ ਸਾਹਿਬ ਦੇ ਦੇਹਾਂਤ ਤੋਂ ਕੋਈ 43 ਸਾਲ ਬਾਅਦ ਦੀ ਹੈ। ਮਾਲੂਮ ਹੁੰਦਾ ਹੈ ਕਿ ਕਵੀ ਨੇ ਸਿੱਖਾਂ ਨੂੰ ਗੁਰੂ ਸਾਹਿਬ ਦੇ ਦੇਹਾਂਤ ਸਬੰਧੀ ਸੋਗ ਨਾ ਕਰਨ ਦਾ ਉਪਦੇਸ਼ ਇੱਕ ਸੰਸਾਰ-ਤਿਆਗੀ ਮਨੋ-ਕਲਪਤ ਉਦਾਸੀ ਦੇ ਮੂੰਹੋਂ ਦਿੱਤਾ ਹੈ। ਉਹ ਉਸ ਦਾ ਕੋਈ ਨਾਉਂ, ਨਿਸ਼ਾਨ, ਪਤਾ ਆਦਿ ਕੁਝ ਭੀ ਨਹੀਂ ਦਿੰਦਾ। ਬਾਅਦ ਦੇ ਕਿਸੇ ਕਵੀ ਨੇ ਭੀ ਉਸ ਦਾ ਕੋਈ ਥਾਂਉਂ-ਪਤਾ ਨਹੀਂ ਦੱਸਿਆ ਬਲਕਿ ਕੇਸਰ ਸਿੰਘ ਛਿੱਬਰ (ਬੰਸਾਵਲੀਨਾਮਾ, ਸੰਨ 1769-70 ਈ.), ਸਰੂਪ ਦਾਸ (ਮਹਿਮਾ ਪ੍ਰਕਾਸ਼, ਸੰਨ 1800 ਈ.) ਅਤੇ ਬੀਰ ਸਿੰਘ ਬੱਲ (ਸਿੰਘ ਸਾਗਰ, ਸੰਨ 1828 ਈ.) ਆਦਿ ਨੇ ਤਾਂ ਇਸ ਗੱਲ ਨੂੰ ਪ੍ਰਵਾਨ ਭੀ ਨਹੀਂ ਕੀਤਾ।

ਅਸਲ ਘਟਨਾ ਤੋਂ 90 ਸਾਲ ਅਤੇ ਕੋਇਰ ਸਿੰਘ ਤੋਂ 46 ਸਾਲਾਂ ਬਾਅਦ ਸੁੱਖਾ ਸਿੰਘ ਨੇ 'ਗੁਰ ਬਿਲਾਸ ਪਾਤਸ਼ਾਹੀ 10' ਵਿੱਚ ਗੁਰੂ ਸਾਹਿਬ ਦੇ ਜੋਤੀ-ਜੋਤ ਸਮਾ ਜਾਣ ਅਤੇ ਸਸਕਾਰ ਦਾ ਜ਼ਿਕਰ ਕਰਨ ਪਿੱਛੋਂ ਕੋਇਰ ਸਿੰਘ ਦੀ ਤਰ੍ਹਾਂ ਹੀ ਇੱਕ ਸਾਧੂ ਨੂੰ ਦਰਸ਼ਨ ਹੋਣ ਦਾ ਜ਼ਿਕਰ ਕੀਤਾ ਹੈ ਅਤੇ ਇਸ ਤਰ੍ਹਾਂ ਗੁਰ-ਬਿਲਾਸ ਦੇ ਸਾਰੇ ਧਿਆਇ ਪੂਰੇ ਕਰ ਕੇ ਗ੍ਰੰਥ ਸਮਾਪਤ ਕਰ ਦਿੱਤਾ ਹੈ। ਇਸ ਤੋਂ ਬਾਅਦ ਜਨਵਾਰੇ ਦੇ ਬਾਲਾ ਰਾਇ ਅਤੇ ਰੁਸਤਮ ਰਾਏ ਲੁਟੇਰਿਆਂ ਦੀ ਅਰਦਾਸ-ਕਥਾ ਦਰਜ ਹੈ ਜਿਸ ਵਿੱਚ ਇੱਕ ਸਿੱਖ ਦੀ ਅਰਦਾਸ ਨੂੰ ਪ੍ਰਵਾਨ ਕਰ ਕੇ ਗੁਰੂ ਦੀ ਮੂਰਤ ਦੇ ਅੱਧੀ ਰਾਤ ਨੂੰ ਸਤਾਰ ਦੇ ਕਿਲ੍ਹੇ ਵਿੱਚ ਪਹੁੰਚਣ ਅਤੇ ਇਨ੍ਹਾਂ ਲੁਟੇਰਿਆਂ ਨੂੰ ਆਪਣੇ ਘੋੜੇ ਦੀਆਂ ਰਕਾਬਾਂ ਪਕੜ ਕੇ ਪੰਛੀਆਂ ਦੀ ਤਰ੍ਹਾਂ ਉੱਡ ਜਾਣ ਅਤੇ ਬਾਰਾਂ ਕੋਹਾਂ ਪਰ ਵਿੰਧਿਆਚਲ ਪਰਬਤ ਪਰ ਜਾ ਛੱਡਣ ਦਾ ਜ਼ਿਕਰ ਹੈ। ਇਹ ਕਲਪਨਾ ਆਪਣੇ-ਆਪ ਵਿੱਚ ਅਜਿਹੀ ਹੈ ਜਿਸ ਨੂੰ ਨਾ ਕੋਈ ਇਤਿਹਾਸ ਦਾ ਵਿਦਿਆਰਥੀ ਹੀ ਸਹੀ ਪ੍ਰਵਾਨ ਕਰ ਸਕਦਾ ਹੈ, ਨਾ ਭੂਗੋਲ ਦਾ। ਸਿਤਾਰੇ ਦੀ ਪਹਾੜੀ ਦੇ ਸਿਖਰ ਪਰ ਚਾਰੋਂ ਪਾਸਿਉਂ ਬੰਦ ਕਿਲ੍ਹੇ ਵਿੱਚੋਂ ਅੱਧੀ ਰਾਤ ਨੂੰ ਅੰਧੇਰੇ ਵਿੱਚ ਕੇਵਲ ਕਵੀ ਦੇ ਮਨ ਦੀ

ਉਡਾਰੀ ਦੇ ਘੋੜ-ਸਵਾਰ ਦੀ ਮੂਰਤ ਹੀ ਪੁੱਜ ਕੇ ਕੈਦ ਦੇ ਅੰਦਰੋਂ ਦੋ ਮਨੁੱਖਾਂ ਨੂੰ ਆਪਣੇ ਘੋੜੇ ਦੀਆਂ ਰਕਾਬਾਂ ਫੜਾ ਕੇ ਪੰਛੀਆਂ ਦੀ ਤਰ੍ਹਾਂ ਉੱਡ ਕੇ ਬਾਰਾਂ ਕੋਹਾਂ ਪਰ ਛੱਡ ਸਕਦੀ ਹੈ — ਮਨੁੱਖੀ ਸਰੀਰ ਵਾਲਾ ਜੀਊਂਦਾ-ਜਾਗਦਾ ਬੰਦਾ ਨਹੀਂ। ਦੂਸਰੀ ਗੱਲ ਇਹ ਹੈ ਕਿ ਸਿਤਾਰੇ ਦੇ ਕਿਲ੍ਹੇ ਤੋਂ ਵਿੰਧਿਆਚਲ ਪਰਬਤ ਦੀ ਲੜੀ ਸਿੱਧੀ ਪੰਛੀ-ਉਡਾਨ ਨਾਲ ਭੀ 12 ਕੋਹ (18-20 ਮੀਲ) ਨਹੀਂ, ਬਲਕਿ ਤਿੰਨ ਸਾਢੇ ਤਿੰਨ ਸੌ ਸਾਲ ਦੀ ਹੈ ਜੋ ਕੇਵਲ ਕਵੀ ਦੀ ਖਿਆਲੀ-ਉਡਾਰੀ ਨਾਲ ਹੀ ਇੱਕ ਛਿਨ ਵਿੱਚ ਉੱਪਰੋ-ਉੱਪਰ ਉੱਡੇ ਜਾ ਸਕਦੇ ਹਨ।

ਪਰ ਕਵੀ ਸੁੱਖਾ ਸਿੰਘ ਜੀ ਦੀ ਇਸ ਕਾਵਿ-ਕਲਪਣਾ ਨੂੰ ਬਾਵਾ ਸਰੂਪ ਦਾਸ ਜੀ ਅਤੇ ਬੀਰ ਸਿੰਘ ਬੱਲ ਦੇ 'ਮਹਿਮਾ-ਪ੍ਰਕਾਸ਼' ਅਤੇ 'ਸਿੰਘ ਸਾਗਰ' ਨੇ ਪਰਵਾਨ ਨਹੀਂ ਕੀਤਾ। ਭਾਈ ਸੰਤੋਖ ਸਿੰਘ ਜੀ ਨੇ ਸੂਰਜ-ਪ੍ਰਕਾਸ਼ (ਸੰਨ 1843 ਈ.) ਵਿੱਚ ਸਾਧ ਨੂੰ ਦਰਸ਼ਨ ਦੇਣ ਦੀ ਕਥਾ ਨਾਲ ਹੀ ਇੱਕ ਲੱਕੜੀਆਂ ਲਿਆਉਣ ਵਾਲੇ ਨੂੰ ਦਰਸ਼ਨ ਦੇਣ ਦੀ ਇੱਕ ਹੋਰ ਕਥਾ ਵਧਾ ਦਿੱਤੀ ਹੈ ਪਰ ਜਨਵਾਰੇ ਦੇ ਲੁਟੇਰਿਆਂ ਨੂੰ ਸਤਾਰੇ ਦੇ ਕਿਲ੍ਹੇ ਵਿੱਚੋਂ ਰਕਾਬਾਂ ਫੜਾ ਕੇ ਉੱਡ ਲਿਜਾਣ ਦੀ ਵਾਰਤਾ ਛੱਡ ਦਿੱਤੀ ਹੈ। ਪਰ ਇਸ ਗੱਲ ਤੋਂ ਕੋਈ ਭੀ ਵਿਦਵਾਨ ਨਾਂਹ ਨਹੀਂ ਕਰ ਸਕਦਾ ਕਿ 'ਸੂਰਜ ਪ੍ਰਕਾਸ਼' ਦੇ ਕਰਤਾ ਭਾਈ ਸੰਤੋਖ ਸਿੰਘ ਬ੍ਰਜੀ ਦੇ ਬੜੇ ਮਹਾਨ ਕਵੀ ਹੋਏ ਹਨ, ਜਿਨ੍ਹਾਂ ਦੀਆਂ ਉੱਚ ਕਾਵਿ- ਉਡਾਰੀਆਂ, ਦਿਮਾਗੀ ਕਲਪਨਾ, ਸ਼ਬਦਾਂ ਦੀ ਬੰਦਸ਼ ਅਤੇ ਵਿਆਖਿਆ-ਵਿਸਥਾਰ ਨੂੰ ਸ਼ਾਇਦ ਹੀ ਹੋਰ ਕੋਈ ਪੁੱਜ ਸਕਦਾ ਹੋਵੇ। ਉਨ੍ਹਾਂ ਨੇ ਜਿੱਥੇ ਗੁਰੂ ਸਾਹਿਬ ਦੇ ਕੱਤਕ ਸੁਦੀ ਪੰਜ, ਸੰਮਤ 1765 ਨੂੰ ਸਣੇ-ਦੇਹ ਆਪਣੇ ਕੁਮੈਤ ਘੋੜੇ ਪਰ ਸਵਾਰ ਬੈਕੁੰਠ ਨੂੰ ਸਿਧਾਰ ਜਾਣ ਦਾ ਜ਼ਿਕਰ ਕੀਤਾ ਹੈ ਕਿ ਚਿਤਾ ਪਰ ਜਦ ਵੱਡੀ ਪ੍ਰਚੰਡ ਅਗਨੀ ਦੀਆਂ ਲਾਟਾਂ ਉਨ੍ਹਾਂ ਦੇ ਸਰੀਰ ਨਾ ਪਰਸ ਸਕੀਆਂ ਤਾਂ ਉਨ੍ਹਾਂ ਨੇ ਸਮਾਧੀ ਲਾ ਲਈ ਅਤੇ ਜੋਗ-ਅਗਨੀ ਪੈਦਾ ਕਰ ਕੇ 'ਚਢਿ ਅਕਾਸ਼ ਕੇ ਪੰਥ ਪਧਾਰੇ', ਅਕਾਸ਼ ਗੂੰਜ ਉੱਠਿਆ, ਬੜਾ ਭਾਰਾ ਪ੍ਰਕਾਸ਼ ਹੋ ਗਿਆ ਅਤੇ ਸੁਰਗ-ਲੋਕ ਦੇ ਅਨੰਤ ਦੇਵਤਿਆਂ ਬ੍ਰਹਮਾ, ਇੰਦਰ, ਸ਼ਿਵ ਆਦਿ ਦੀ ਭੀੜ ਉਨ੍ਹਾਂ ਨੂੰ 'ਜੀ ਆਇਆਂ' ਕਹਿਣ ਲਈ ਆ ਪੁੱਜੀ ਆਦਿ ਆਦਿ।

ਭਾਈ ਸੰਤੋਖ ਸਿੰਘ ਜੀ ਤੋਂ ਬਾਅਦ ਪੰਜਾਬੀ ਦੇ ਉੱਘੇ ਕਵੀ ਗਿਆਨੀ ਗਿਆਨੀ ਸਿੰਘ ਜੀ ਹੋਏ ਹਨ। ਉਨ੍ਹਾਂ ਨੂੰ ਆਪਣੀ ਕਵਿਤਾ ਅਤੇ ਬੋਲੀ ਪਰ ਖਾਸ ਮਾਣ ਸੀ ਅਤੇ ਇਤਿਹਾਸਕਾਰ ਭੰਗੂ ਰਤਨ ਸਿੰਘ ਸ਼ਹੀਦ ਦੇ ਪ੍ਰਸਿੱਧ 'ਪੰਥ ਪ੍ਰਕਾਸ਼' ਦੀ ਕਵਿਤਾ ਨੂੰ ਢਿੱਲੀ ਅਤੇ ਬੋਲੀ ਨੂੰ ਗਵਾਰੀ ਜੱਟਾਂ ਦੀ ਹੀ ਦੱਸਦੇ ਹੋਏ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ:

ਰੀਤੀ ਕਵਿਤਾ ਕੀ ਹੈ ਜੋਈ।
ਪਿਖੀ ਸੁਣੀ ਨਹਿ ਥੀ ਤਿਨ ਕੋਈ।
ਅਰ ਪੁਨ ਤਾਰੀਖਨ ਕੀ ਰੀਤੀ।
ਨਹਿ ਪਢੀ ਤਿਹ ਸ੍ਰਵਣ ਕੀਤੀ।
ਯਾ ਤੇ ਲਿਖੀ ਇਮਾਰਤ ਐਸੇ।
ਬਾਨੀ ਬਕਤ ਜਾਟ ਜਨ ਜੈਸੇ।

(ਦੂਜੀ ਵਾਰ, ਪੰਨਾ 10)

ਇਸ ਲਈ ਗਿਆਨੀ ਗਿਆਨ ਸਿੰਘ ਜੀ ਨੇ ਜਿੱਥੇ ਆਪਣੀ ਬੋਲੀ ਦੇ ਜੌਹਰ ਵਿਖਾਏ ਹਨ ਉੱਥੇ ਪੰਥ-ਪ੍ਰਕਾਸ਼ ਵਿੱਚ 'ਗੁਰ ਬਿਲਾਸ' ਅਤੇ 'ਸੂਰਜ ਪ੍ਰਕਾਸ਼' ਦੀ ਨਕਲ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਕਾਇਦਾ ਗੁਰਿਆਈ ਦੇ ਦੇਣ ਪਿੱਛੋ ਦੇਹਾਂਤ ਹੋਣ ਤੋਂ ਬਾਅਦ ਪ੍ਰਲੋਕ ਨੂੰ ਸਿਧਾਰਨ ਪਰ ਸੁਰਗ ਲੋਕ ਦੇ ਦੇਵਤਿਆਂ ਨਾਲੋਂ ਵਧ ਚੜ੍ਹ ਕੇ ਬੜੀ ਧੂਮ-ਧਾਮ ਨਾਲ ਹੋਈ ਅਗਵਾਨੀ (Reception) ਦਾ ਬੜਾ ਖੋਲ੍ਹ ਕੇ ਜ਼ਿਕਰ ਕੀਤਾ ਹੈ ਅਤੇ ਕਹਿੰਦੇ ਹਨ ਕਿ ਪਹਿਲੇ ਗੁਰੂ ਨਾਨਕ ਆਦਿ ਨੌਂ ਹੀ ਗੁਰੂ ਅਤੇ ਹੋਰ ਸਿੱਖ ਭਗਤ, ਜੋ ਉੱਥੇ ਮੌਜੂਦ ਸਨ, ਗੁਰੂ ਜੀ ਨੂੰ ਬੰਦਨਾ ਕਰ ਕੇ ਆਪਸ ਵਿੱਚ ਮਿਲ ਕੇ ਉਨ੍ਹਾਂ ਨੂੰ ਨਾਲ ਲੈ ਗਏ ਅਤੇ ਗੁਰੂ ਨਾਨਕ ਨੇ ਆਪਣੇ ਪਾਸ ਬਿਠਾਇਆ। ਪਰ ਗਿਆਨੀ ਜੀ ਇਸ ਸਭ ਕੁਝ ਨੂੰ ਇਤਿਹਾਸ ਨਹੀਂ ਮੰਨਦੇ, ਇੱਕ ਨਾਟਕ ਦੱਸਦੇ ਹਨ ਅਤੇ ਕਹਿੰਦੇ ਹਨ ਕਿ ਇਸ ਤੋਂ ਬਾਅਦ ਉਹ ਚਿਤਾ ਦੀ ਕਨਾਤ ਦੇ ਅੰਦਰ ਜਾ ਕੇ ਜੋਗ-ਅਗਨ ਦੁਆਰਾ ਅਲੋਪ ਹੋ ਗਏ। ਇਸ ਤੋਂ ਬਾਅਦ ਪੰਜਾਬ ਤੋਂ ਆਏ ਸਾਧੂ ਨੂੰ ਦਰਸ਼ਨ ਦੇਣ ਦਾ ਜ਼ਿਕਰ ਨਕਲ ਕੀਤਾ ਹੈ ਪਰ ਜਨਵਾਰੇ ਦੇ ਬਾਲਾ ਰਾਇ ਅਤੇ ਰੁਸਤਮ ਰਾਇ ਲੁਟੇਰਿਆਂ ਨੂੰ ਸਤਾਰੇ ਦੇ ਕਿਲ੍ਹੇ ਦੀ ਕੈਦ ਵਿੱਚੋਂ ਘੋੜੇ ਦੀਆਂ ਰਕਾਬਾਂ ਫੜ ਕੇ ਗੁਰੂ ਸਾਹਿਬ ਦੇ ਉਨ੍ਹਾਂ ਨੂੰ ਲੈ ਉੜਨ ਦੀ ਕਥਾ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਛੱਡ ਦਿੱਤਾ ਹੈ। ਇਸ ਤਰ੍ਹਾਂ 'ਪੰਥ-ਪ੍ਰਕਾਸ਼' ਦੀ ਛੇਵੀਂ ਐਡੀਸ਼ਨ ਵਿੱਚ ਭੀ ਦੇਵਤਿਆਂ ਅਤੇ ਪਹਿਲੇ ਗੁਰੂ ਸਾਹਿਬਾਂ ਨਾਲ ਮਿਲਾਪ ਅਤੇ ਸਾਧੂਆਂ ਨੂੰ ਦਰਸ਼ਨ ਦੇਣ ਦਾ ਜ਼ਿਕਰ ਤਾਂ ਕੀਤਾ ਹੈ ਪਰ ਜਨਵਾਰੀਏ ਬਾਲਾ ਰਾਇ ਆਦਿ ਦਾ ਕੋਈ ਜ਼ਿਕਰ ਨਹੀਂ। ਪਰ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦਾ ਜ਼ਿਕਰ ਹਰ ਐਡੀਸ਼ਨ ਵਿੱਚ ਹੈ। ਗਿਆਨੀ ਗਿਆਨ ਸਿੰਘ ਜੀ ਦੇ ਸਮਕਾਲੀ ਬਾਬਾ ਸੁਮੇਰ ਸਿੰਘ ਨੇ ਸੰਨ 1873 ਈ. ਵਿੱਚ ਆਪਣਾ 'ਗੁਰ-ਬਿਲਾਸ ਪਾਦਸ਼ਾਹੀ 10' ਰਚਿਆ ਹੈ ਅਤੇ ਸੰਨ 1882 ਤੱਕ ਸੋਧ ਸੰਪੂਰਨ ਕਰ ਕੇ ਛਪਵਾਇਆ। ਅਜੁਧਿਆ ਨਿਵਾਸੀ ਬਾਬੂ ਜਗਨ ਨਾਥ ਦਾਸ ਰਤਨਾਕਰ ਅਨੁਸਾਰ ਬਾਬਾ ਸੁਮੇਰ ਸਿੰਘ ਜੀ ਬ੍ਰਜ-ਭਾਸ਼ਾ ਦੇ ਸਰਵੋਤਮ ਕਵੀਆਂ ਵਿੱਚੋਂ ਸਨ ਅਤੇ ਆਪਣੀਆਂ ਕਾਵਿ-ਉਡਾਰੀਆਂ ਲਈ ਪ੍ਰਸਿੱਧ ਸਨ।

ਆਪ ਨੇ ਜਿੱਥੇ ਪਿਛਲੇ ਕਵੀ ਭਾਈ ਸੁੱਖਾ ਸਿੰਘ ਦੀਆਂ ਕਲਪਤ ਨਾਟਕੀ ਕਹਾਣੀਆਂ ਨੂੰ ਚਮਕਾਇਆ ਹੈ ਉੱਥੇ ਉਨ੍ਹਾਂ ਵਿੱਚ ਆਪਣੀ ਵੱਲੋਂ ਕੁਝ ਵਾਧੇ ਭੀ ਕਰ ਦਿੱਤੇ ਹਨ। ਭਾਈ ਸੁੱਖਾ ਸਿੰਘ ਜੀ ਨੇ ਤਾਂ ਗੁਰੂ ਸਾਹਿਬ ਨੂੰ ਦੇਹਾਂਤ ਤੋਂ ਬਾਅਦ ਨਾਂਦੇੜ ਤੋਂ ਦੱਖਣ ਨੂੰ ਸਿਤਾਰੇ ਦੇ ਕਿਲ੍ਹੇ ਤੋਂ ਅੱਧੀ ਰਾਤ ਦੇ ਹਨ੍ਹੇਰੇ ਵਿੱਚ ਘੋੜੇ ਪਰ ਸਵਾਰ ਹੋ ਬਾਲਾ ਰਾਇ ਰੁਸਤਮ ਰਾਇ ਸਮੇਤ ਪੰਛੀਆਂ ਦੀ ਤਰ੍ਹਾਂ ਵਿੰਧਿਆਚਲ ਪਰਬਤ ਤੱਕ ਹੀ ਉਡਾਇਆ ਸੀ ਪਰ ਬਾਬਾ ਸੁਮੇਰ ਸਿੰਘ ਜੀ ਨੇ ਗੁਰੂ ਸਾਹਿਬਾਂ ਨੂੰ ਪੰਜਾਬ ਤੋਂ ਦੂਰ ਉੱਤਰ ਲਹਿੰਦੇ ਵੱਲ ਨੂੰ ਪਿਸ਼ਾਵਰ ਦੇ ਇਲਾਕੇ ਵਿੱਚ ਨਗਰ ਬਰਾਟ ਅਤੇ ਕਾਬੁਲ ਤੋਂ ਅੱਠ ਕੋਹ ਤੱਕ ਪਹੁੰਚਾ ਦਿੱਤਾ। ਇਹ ਇੱਕ ਨਵੀਂ ਕਾਵਿ-ਕਲਪਣਾ ਹੈ ਜੋ ਗੁਰੂ ਸਾਹਿਬ ਦੇ ਜੋਤੀ-ਜੋਤ ਸਮਾ ਜਾਣ ਤੋਂ ਪਿੱਛੋਂ (ਜਿਸ ਦੇ ਕੱਤਕ ਸੁਦੀ ਪੰਜ ਸੰਮਤ 1765 ਬਿ: ਨੂੰ ਦਿਨ ਵੀਰਵਾਰ ਨੂੰ ਹੋ ਜਾਣ ਦਾ ਜ਼ਿਕਰ ਉਨ੍ਹਾਂ ਖ਼ੁਦ ਪੰਨਾ 704 ਪਰ ਕੀਤਾ ਹੋਇਆ ਹੈ) ਪੌਣੇ ਦੋ ਸੌ ਸਾਲ ਬਾਅਦ ਦੀ ਹੈ। ਇਸ ਦਾ ਜ਼ਿਕਰ ਕਿਸੇ ਭੀ ਹੋਰ ਲਿਖਾਰੀ ਨੇ ਕਿਧਰੇ ਨਹੀਂ ਕੀਤਾ ਹੋਇਆ ਅਤੇ ਇਸ ਦਾ ਮੁੱਲ ਇੱਕ ਕਾਵਿ-ਉਡਾਰੀ ਅਤੇ ਨਾਟਕੀ ਕਥਾ-ਕਲਪਣਾ ਤੱਕ ਹੀ ਹੈ।

ਇੱਥੇ ਇਹ ਦਸ ਦੇਣਾ ਭੀ ਜ਼ਰੂਰੀ ਹੈ ਕਿ ਬਾਬਾ ਸੁਮੇਰ ਸਿੰਘ ਜੀ ਨੇ ਗੁਰੂ ਸਾਹਿਬ ਦੇ ਦੇਹਾਂਤ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਪੂਰਣ ਦਸਤੂਰ ਅਨੁਸਾਰ ਗੁਰਿਆਈ ਦੇ ਦੇਣ ਤੋਂ ਬਾਅਦ ਚਿਤਾ ਪਰ ਜਾਣ ਅਤੇ ਪਰਲੋਕ ਸਿਧਾਰਨ ਦਾ ਸਪਸ਼ਟ ਜ਼ਿਕਰ ਕੀਤਾ ਹੈ।

ਗੁਰੂ ਸਾਹਿਬ ਦੀ ਚਿਤਾ ਵਿੱਚੋਂ ਕੋਈ ਅਸਥੀਆਂ ਆਦਿ ਨਾ ਮਿਲਣ ਦੀ ਗੱਲ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ। ਇਹ ਅੱਜ ਕੱਲ੍ਹ ਭੀ ਕਈ ਵਾਰ ਦੇਖਿਆ ਗਿਆ ਹੈ ਕਿ ਸਾਰੀਆਂ ਅਸਥੀਆਂ ਬਿਲਕੁਲ ਭਸਮ ਹੋ ਜਾਂਦੀਆਂ ਹਨ ਅਤੇ ਮੁਸ਼ਕਲ ਨਾਲ ਕੋਈ ਦੰਦ ਜਾਂ ਦਾੜ੍ਹ ਹੀ ਲੱਭਦੀ ਹੈ। ਇਹ ਉਸ ਹਾਲਤ ਵਿੱਚ ਭੀ ਹੋ ਜਾਂਦਾ ਹੈ ਜਦ ਕਿ ਸਰੀਰ ਦੇ ਦਾਹ ਲਈ ਅਠ-ਦਸ ਮਣ ਲੱਕੜੀਆਂ ਹੀ ਪਾਈਆਂ ਜਾਂਦੀਆਂ ਹਨ। ਪਰ ਗੁਰੂ ਸਾਹਿਬ ਦੇ ਸਸਕਾਰ ਲਈ ਸੌ ਮਣ ਚੰਦਨ ਦੀ ਲਕੜੀ ਪਾਈ ਗਈ ਦਾ ਜ਼ਿਕਰ ਹੈ। ਓਥੇ ਸਰੀਰ ਦੀ ਕਿਸੇ ਅਸਥੀ ਦੇ ਬਚ ਰਹਿਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਹਾਂ, ਉਨ੍ਹਾਂ ਦੀ ਇੱਕ ਕਰਦ (ਕਿਰਪਾਨ) ਜ਼ਰੂਰ ਮਿਲ ਗਈ ਸੀ ਜੋ ਲੋਹੇ ਦੀ ਹੋਣ ਕਰਕੇ ਭਸਮ ਨਹੀਂ ਹੋਈ ਹੋਣੀ। ਇਸ ਦੇ ਮਿਲਣ ਦਾ ਜ਼ਿਕਰ ਬਾਬਾ ਸੁਮੇਰ ਸਿੰਘ ਜੀ ਨੇ ਭੀ ਪੰਨਾ 710 ਪਰ ਅੰਕ 9 ਵਿੱਚ ਕੀਤਾ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਪੁਰਾਣੀ ਚੱਲੀ ਆ ਰਹੀ ਰੀਤਿ ਅਨੁਸਾਰ ਆਪਣੇ ਅੰਤਮ ਸਮੇਂ ਕਿਸੇ ਭੀ ਸਿੱਖ ਨੂੰ ਗੁਰਿਆਈ ਨਹੀਂ ਦਿੱਤੀ। ਸਭ ਇਤਿਹਾਸਕਾਰ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਤਮ ਦਿਨਾਂ ਦੇ ਵਾਕਿਆਤ ਦਾ ਜ਼ਰਾ ਭੀ ਵਿਸਥਾਰ ਨਾਲ ਵਰਣਨ ਕੀਤਾ ਹੈ, ਉਨ੍ਹਾਂ ਸਭ ਨੇ ਇਹ ਹੀ ਕਿਹਾ ਹੈ ਕਿ ਗੁਰੂ ਸਾਹਿਬ ਨਾਂਦੇੜ ਵਿੱਚ ਜੋਤੀ-ਜੋਤ ਸਮਾ ਗਏ ਅਤੇ ਉਨ੍ਹਾਂ ਨੇ ਕਿਸੇ ਮਨੁੱਖ ਨੂੰ ਗੁਰਿਆਈ ਨਹੀਂ ਸੀ ਦਿੱਤੀ ਅਤੇ ਉਨ੍ਹਾਂ ਤੋਂ ਬਾਅਦ ਕੋਈ ਮਨੁੱਖ ਭੀ ਗੁਰੂ (ਖਲੀਫ਼) ਨਹੀਂ ਹੋਇਆ ਅਤੇ ਗੁਰੂ ਨਾਨਕ ਤੋਂ ਲੈ ਕੇ ਕੇਵਲ ਦਸ ਹੀ ਮਨੁੱਖੀ ਸਰੀਰਧਾਰੀ ਗੁਰੂ ਸਨ, ਹੋਰ ਕੋਈ ਨਹੀਂ। ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਕਿਸੇ ਗੁਰੂ ਦਾ ਜ਼ਿਕਰ ਕੀਤਾ ਹੈ ਉਨ੍ਹਾਂ ਨੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦਾ ਜ਼ਿਕਰ ਕੀਤਾ ਹੈ।

ਦੇਹਧਾਰੀ ਗੁਰੂ ਨੂੰ ਮੰਨਣ ਵਾਲੀ ਸੰਪ੍ਰਦਾਇ ਦੇ ਕੁਝ ਲਿਖਾਰੀਆਂ ਦਾ ਇਹ ਕਹਿਣਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦੀ ਗੱਲ ਅੰਗਰੇਜ਼ਾਂ ਦੇ ਕਹਿਣ ਅਨੁਸਾਰ ਸਿੰਘ ਸਭਾ ਦੇ ਆਗੂਆਂ ਨੇ ਚਲਾਈ ਸੀ, ਇਤਿਹਾਸ ਵਿਰੁੱਧ ਕਲਪਣਾ ਹੈ। ਸਿੰਘ ਸਭਾ ਲਹਿਰ ਸੰਨ 1873 ਵਿੱਚ ਆਰੰਭ ਹੋਈ ਸੀ ਪਰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰਿਆਈ ਦਿੱਤੇ ਜਾਣ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਲਿਖਾਰੀਆਂ ਦੇ ਸਮੇਂ ਤੋਂ ਹੀ ਮਿਲਦਾ ਹੈ।

ਭਾਈ ਨੰਦ ਲਾਲ ਗੁਰੂ ਸਾਹਿਬ ਦੇ ਨਿਕਟਵਰਤੀ ਸਮਕਾਲੀ ਸਨ। ਉਨ੍ਹਾਂ ਨੇ ਆਪਣਾ ਰਹਿਤਨਾਮਾ ਪਹਿਲਾਂ ਸੰਮਤ 1752 (ਸੰਨ 1695) ਵਿੱਚ ਲਿਖਿਆ ਸੀ ਪਰ ਆਪ ਗੁਰੂ ਸਾਹਿਬ ਦੇ ਨਾਂਦੇੜ ਹੋਣ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਦੇ ਨਾਲ ਇੱਕ ਸ਼ਾਹੀ ਕਰਮਚਾਰੀ ਦੇ ਤੌਰ ’ਤੇ ਉੱਥੇ ਮੌਜੂਦ ਸਨ ਜਿਸ ਦਾ ਜ਼ਿਕਰ ਢਾਡੀ ਨਾਥ ਮੱਲ ਨੇ ਭੀ ਆਪਣੇ ‘ਅਮਰਨਾਮੇ’ ਵਿੱਚ ਕੀਤਾ ਹੋਇਆ ਹੈ। ਭਾਈ ਨੰਦ ਲਾਲ ਜੀ ਨੂੰ ਗੁਰੂ ਸਾਹਿਬ ਜੀ ਦੇ ਨਾਂਦੇੜ ਵਿੱਚ ਜ਼ਖ਼ਮੀ ਹੋਣ, ਅੰਤ ਸਮੇਂ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਅਤੇ ਦੇਹਾਂਤ ਦਾ ਸਭ ਪਤਾ ਸੀ, ਇਸੇ ਕਰਕੇ ਉਨ੍ਹਾਂ ਨੇ ਆਪਣੇ ਰਹਿਤਨਾਮੇ ਵਿੱਚ ਸਪਸ਼ਟ ‘ਗੁਰੂ ਓਵਾਚ’ ਦੇ ਸਿਰਲੇਖ ਹੇਠਾਂ ਲਿਖਿਆ ਹੈ ਕਿ ਮੇਰਾ:

ਦੂਸਰ ਰੂਪ ਗ੍ਰੰਥ ਜੀ ਜਾਣ
ਉਨ ਕੋ ਅੰਗ ਮੇਰੋ ਕਰ ਮਾਨ।
ਮੇਰਾ ਰੂਪ ਗ੍ਰੰਥ ਜੀ ਜਾਣ
ਇਸ ਮੈ ਭੇਦ ਨਹੀਂ ਕਛ ਮਾਨ।

ਇਨ੍ਹਾਂ ਵਾਕਾਂ ਦੀ ਪੁਸ਼ਟੀ ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਤੋਂ ਭੀ ਹੁੰਦੀ ਹੈ ਜੋ ਗੁਰੂ ਸਾਹਿਬ ਜੀ ਦੇ ਹੋਰ ਭੀ

ਨਿਕਟਵਰਤੀ ਜਾਣੂੰ ਸਨ। ਗੁਰੂ ਸਾਹਿਬ ਦੇ ਜੋਤੀ-ਜੋਤ ਸਮਾਉਣ ਦੇ ਅੱਠ ਸਾਲ ਸੱਤ ਮਹੀਨੇ ਦੇ ਅੰਦਰ ਮਈ ਸੰਨ 1717 ਨੂੰ ਕਵੀ ਸੋਹਨ ਨੇ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਸ਼ੁਰੂ ਕੀਤੀ ਸੀ ਅਤੇ ਅਗਲੇ ਸਾਲ ਜੁਲਾਈ ਸੰਨ 1718 ਨੂੰ ਸਮਾਪਤ ਕੀਤਾ। ਇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਬੰਧੀ ਚੌਥੇ ਅਧਿਆਇ ਵਿੱਚ ਕਵੀ ਸੋਹਨ ਲਿਖਦਾ ਹੈ:

ਮਮ ਆਗਿਆ ਸਬ ਹੀ ਸੁਨੋ
ਸਤਿ ਬਾਤ ਨਿਰਧਾਰ।
ਗ੍ਰੰਥ ਗੁਰੂ ਸਮ ਮਾਨੀਓ
ਭੇਦ ਨਾ ਕੋਊ ਬਿਚਾਰ।
ਗੁਰੂ ਗ੍ਰੰਥ ਕਲਜੁਗ ਭਯੋ
ਸ੍ਰੀ ਗੁਰੂ ਰੂਪ ਸਮਾਨ।
ਦਸ ਪਾਤਸ਼ਾਹੀਆਂ ਰੂਪ ਇਹ
ਗੁਰੂ ਗ੍ਰੰਥ ਜੀ ਜਾਨ।
ਗੁਰੂ ਦਰਸ ਜਿਹ ਦੇਖਨਾ
ਸ੍ਰੀ ਗ੍ਰੰਥ ਦਰਸਾਇ।
ਬਾਤ ਕਰਨਿ ਗੁਰ ਸੋ ਚਹੈ
ਪੜ੍ਹੈ ਗ੍ਰੰਥ ਮਨ ਲਾਇ।

ਇਸ ਤੋਂ ਬਾਅਦ ਸੰਨ 1751 (ਸੰਮਤ 1808 ਬਿ.) ਵਿੱਚ ਕਵੀ ਕੋਇਰ ਸਿੰਘ ਨੇ 'ਗੁਰ ਬਿਲਾਸ ਪਾਤਸ਼ਾਹੀ ਦਸ' ਲਿਖਿਆ ਜਿਸ ਦੇ 21ਵੇਂ ਅਧਿਆਇ (ਅੰਤਮ ਸਮਾਚਾਰ) ਵਿੱਚ ਦਸਮ ਪਾਤਸ਼ਾਹ ਦਾ ਹੁਕਮ ਇਸ ਤਰ੍ਹਾਂ ਦਿੱਤਾ ਹੈ:

ਤਾਂ ਤੇ ਜੋ ਮੁਹ ਸਿਖ ਸਜਾਨਾ।
ਮਾਨੋ ਗੁਰੂ ਗ੍ਰੰਥ ਭਗਵਾਨਾ।93। (ਪੰਨਾ 283)

ਦਰਸਨ ਗੁਰ ਕਾ ਹੈ ਸਵਧਾਨ।।
ਸ੍ਰੀ ਗ੍ਰੰਥ ਸਾਹਿਬ ਜੀ ਮਾਨ।8।
ਯਾ ਬਿਧਿ ਔਰ ਗੁਰੂ ਨਹਿ ਕਹਿਰੀ।
ਤਾ ਤੇ ਸਾਰੇ ਗੁਰ ਯਹਿਰੀ।102। (ਪੰਨਾ 284)

ਗ੍ਰੰਥ ਗੁਰੂ ਮੈ ਨਿਹਚਾ ਧਾਰੇ
ਤਾ ਬਿਨ ਚਾਹ ਨ ਧਰੋ ਪਿਯਾਰੇ।
ਤਾਕੀ ਵਾਂਛਾ ਸਭ ਗੁਰ ਪੂਰੇ।
ਯਾ ਪਰ ਨਿਸਚਾ ਭ੍ਰਮ ਸਭ ਦੂਰੇ।136।
ਯਾ ਬਿਧਿ ਸ੍ਰੀ ਗਿਰੰਹੈ ਸਿਰ ਨਯਾਈ।
ਕਰ ਅਰਦਾਸ ਪ੍ਰੇਮ ਜੁਤ ਭਾਈ।
ਦਾਮ ਅਨੰਤ ਦਏ ਜੋ ਰਬਾਬੀ।
ਮਾਨੋ ਚੜੀ ਗ੍ਰੰਥ ਬਚ ਆਬੀ।137। (ਪੰਨਾ 287)

ਇੱਥੇ ਇਹ ਦੱਸ ਦੇਣਾ ਜ਼ਰੂਰੀ ਜਾਪਦਾ ਹੈ ਕਿ ਕੋਇਰ ਸਿੰਘ ਜੀ ਨੇ ਇਹ ਗੁਰ-ਬਿਲਾਸ ਭਾਈ ਮਨੀ ਸਿੰਘ ਸ਼ਹੀਦ ਪਾਸੋਂ ਸੁਣ-ਸੁਣ ਕੇ ਲਿਖਿਆ ਹੈ ਜੋ ਹੁਕਮ ਦੀ ਪ੍ਰਮਾਣਕਤਾ ਦਾ ਅਕੱਟ ਸਬੂਤ ਹੈ।

'ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ' ਭਾਈ ਸੁਮੇਰ ਸਿੰਘ ਛਿੱਬਰ ਨੇ ਸੰਮਤ 1826 (ਸੰਨ 1769-70 ਈ:) ਵਿੱਚ ਲਿਖਿਆ ਹੈ। ਗੁਰੂ ਸਾਹਿਬ ਦੇ ਅੰਤਮ ਸਮੇਂ ਦਾ ਜ਼ਿਕਰ ਕਰਦੇ ਹੋਏ ਕੇਸਰ ਸਿੰਘ ਜੀ ਲਿਖਦੇ ਹਨ:

(ਚਰਨ ਦਸਵਾਂ)
ਦੋਇ ਜਾਮ ਰੈਨ ਗਈ,
ਤਾ ਤਿਆਰੀ ਬਜਾਈ,
ਸਿਖਾਂ ਹਥ ਜੋੜਿ ਕਰਿ ਬੇਨਤੀ ਪੁਛਾਈ।
ਗਰੀਬ ਨਿਵਾਜ ਸਿਖ ਸੰਗਤਿ ਹੈ ਤੇਰੀ,
ਇਸ ਦਾ ਕੀ ਹਵਾਲ।
ਬਚਨ ਕੀਤਾ, ਗ੍ਰੰਥ ਹੈ ਗੁਰੂ,
ਲੜ ਪਕੜੇ ਅਕਾਲ।650।

(ਚਰਨ ਚੌਧਵਾਂ)
ਸੁਣੋ ਵੇ ਭਾਈ ਸਿਖੋ
ਐਸਾ ਸੰਤ ਬਾਬਾ ਨਾਨਕ ਪਛਾਣੋ।
ਦਸੇ ਮਹਲ ਬਾਬਾ ਨਾਨਕ ਜੀ ਜਾਣੋ।
ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ
ਗ੍ਰੰਥ ਸਾਹਿਬ ਨੂੰ ਦੇ ਗਿਆ।
ਅਜ ਪ੍ਰਤਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ
ਸੋਈ ਗਿਆ ਜੋ ਗ੍ਰੰਥੋਂ ਗਿਆ।220।
ਜਿਤਨਾ ਹੋਇ ਆਵੈ
ਤਿਤਨਾ ਗ੍ਰੰਥ ਸਾਹਿਬ ਦੇ ਬਚਨ ਕਮਾਵੈ।
ਬਿਨਾ ਗ੍ਰੰਥ ਕੋਈ ਹੋਰੁ ਨਾ ਜਾਣੈ। 221। .........
ਇਹ ਵਾਕ ਹਨ ਸ੍ਰੀ ਗ੍ਰੰਥ ਜੀ ਸੰਦੇ।
ਭਗਤਿ ਮੁਖ ਤੇ ਬੋਲਦੇ ਸੋ ਬਚਨ ਹੋਵੰਦੇ।
ਜੋ ਗ੍ਰੰਥ ਸਾਹਿਬ ਤੇ ਮੁੜੇ।
ਨਿਸਚੇ ਸੋਈ ਜਾਨੋਂ ਰੁੜ੍ਹੇ। (267)

ਆਜ ਕੇ ਸਮੇਂ ਗ੍ਰੰਥ ਸਾਹਿਬ ਹੈ ਗੁਰੂ ਹਮਾਰਾ
ਆਗੇ ਸਾਹਿਬ ਦਸਵਾਂ ਪਾਤਸ਼ਾਹੁ
ਲਾਇ ਬੈਠਾ ਦਰਬਾਰਾ।
ਜੋ ਸੰਕਾ ਹੋਤੀ ਸਭ ਪੁਛ ਲੇਤੇ।
ਅਬ ਤਿਨ ਕੇ ਆਸਨ
ਗੁਰੂ ਗ੍ਰੰਥ ਜੀ ਉਤਰ ਹੈਂ ਦੇਤੇ। (300)
ਗ੍ਰੰਥ ਬਚਨ ਏਹੁ ਸਚੁ ਕਰਿ ਜਾਨੋ।
ਬਿਨਾ ਗ੍ਰੰਥ ਗੁਰੂ ਹੋਰ ਨਾ ਮਾਨੋ।
ਅਤੇ ਜੋ ਗ੍ਰੰਥ ਗੁਰੂ ਤੇ ਮੁਹੁ ਫੇਰੋਗੇ।
ਤਾਂ ਏਹ ਜੂਨਾਂ ਸਭੇ ਜਨਮੁ
ਪਾਇ ਪਾਇ ਕੇ ਹੋਰੋਗੇ। (307)

ਭਾਈ ਕੇਸਰ ਸਿੰਘ ਜੀ ਇਹ ਭੀ ਦੱਸਦੇ ਹਨ ਕਿ ਉਹਨਾਂ ਆਪਣੇ 'ਬੰਸਾਵਲੀ-ਨਾਮੇ' ਦੀ ਰਚਨਾ ਲਈ ਗੁਰੂ ਘਰ ਦੀਆਂ ਵਹੀਆਂ ਤੋਂ ਭੀ ਮਸਾਲਾ ਲਿਆ ਹੈ।

ਬਾਵਾ ਸਰੂਪ ਦਾਸ ਜੀ ਗੁਰੂ ਅਮਰ ਦਾਸ ਜੀ ਦੇ ਬੰਸੀ ਸਨ। ਉਹਨਾਂ ਨੇ, ਬਾਬਾ ਸੁਮੇਰ ਸਿੰਘ ਜੀ ਦੇ ਕਥਨਾਨੁਸਾਰ, ਆਪਣੀ ਪੁਸਤਕ 'ਮਹਿਮਾ ਪ੍ਰਕਾਸ਼' ਸੰਨ 1774 ਵਿੱਚ ਰਚੀ ਸੀ। ਉਸ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਸਬੰਧੀ ਇਸ ਤਰ੍ਹਾਂ ਆਇਆ ਹੈ:

ਤਬ ਸਿਖਾ ਨੇ ਪੂਛਾ ਜੋ ਅਬ ਦਰਸ਼ਨ ਕਹਾ ਕਰਹਿ। ਸਤਿਗੁਰ ਦੀਨ ਦਿਆਲ ਬਚਨ ਕੀਤਾ। ਜੋ ਦਸ ਸਰੂਪ ਹਮਾਰੇ ਪੂਰਨ ਭਏ। ਅਬ ਮੇਰੀ ਜਗਾਹ ਗੁਰ ਗਿਰੰਥ ਕੋ ਜਾਨਨਾ। ਜਿਸ ਨੇ ਮੇਰੇ ਸੋ ਬਾਤ ਕਰਨੀ ਹੋਇ ਤੇ ਆਦਿ ਗਿਰੰਥ ਸਾਹਿਬ ਕਾ ਪਾਠ ਕਰਨਾ ਮੇਰੇ ਸੋ ਬਾਤਾ ਹੋਵੇਗੀ (ਪੰਨਾ 892-93)

ਅਠਾਰ੍ਹਵੀਂ ਸਦੀ ਦੇ ਅੱਧ ਵਿੱਚ 'ਉਮਦਾ-ਤੁ-ਤਵਾਰਿਖ' ਦੇ ਲੇਖਕ ਮੁਨਸ਼ੀ ਸੋਹਨ ਨਾਲ ਸੂਰੀ ਦੇ ਬਜ਼ੁਰਗਾਂ ਮੁਨਸ਼ੀ ਗਣਪਤ ਰਾਇ ਅਤੇ ਹਕੂਮਤ ਰਾਇ ਨੇ ਇਹ ਪੁਸਤਕ ਸਰਦਾਰ ਚੜ੍ਹਤ ਸਿੰਘ ਦੇ ਵੇਲੇ ਲਿਖਣੀ ਆਰੰਭ ਕੀਤੀ ਸੀ। ਇਸ ਦੀ ਪਹਿਲੀ ਜਿਲਦ ਦਫ਼ਤਰ ਅੱਵਲ ਦੇ ਪੰਨਾ 64-65 ਪਰ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸਮੇਂ ਦਾ ਜ਼ਿਕਰ ਹੈ ਜਿਸ ਵਿੱਚ ਲਿਖਿਆ ਹੋਇਆ ਹੈ ਕਿ ਇਸ ਵੇਲੇ ਇੱਕ ਸਿੱਖ ਨੇ ਬੇਨਤੀ ਕੀਤੀ ਕਿ ਹਜ਼ੂਰ ਨੇ ਕਿਸ ਨੂੰ (ਕੁਦਾਮ ਕਸ ਰਾ) ਗੁਰੂ ਨਿਯਤ ਕੀਤਾ ਹੈ ਤਾਂ ਗੁਰੂ ਸਾਹਿਬ ਨੇ ਫਰਮਾਇਆ ਕਿ:

ਗੁਰੂ ਗ੍ਰੰਥ ਜੀ ਅਸਲ। ਦਰਮਿਆਨਿ ਗ੍ਰੰਥ ਵਾ ਗੁਰੂ ਹੀਚ ਫ਼ਰਕੇ ਨੀਸਤ ਅਜ਼ ਦੀਦਾਰਿ ਗ੍ਰੰਥ ਜੀ ਮੁਜ਼ਾਹਿਦਾਇ ਦੀਦਾਰਿ ਫ਼ਰਹਤ ਆਸਾਰਿ ਗੁਰੂ ਸਾਹਿਬ ਬਾਇਦ ਨਮੂਦ।

**ਅਰਥਾਤ**: ਗੁਰੂ ਗ੍ਰੰਥ ਜੀ ਹਨ। ਗ੍ਰੰਥ ਅਤੇ ਗੁਰੂ ਦੇ ਵਿਚਕਾਰ ਕੋਈ ਫ਼ਰਕ ਨਹੀਂ ਹੈ। ਗ੍ਰੰਥ ਜੀ ਦੇ ਦਰਸ਼ਨਾਂ ਤੋਂ ਗੁਰੂ ਸਾਹਿਬ ਦੇ ਖ਼ੁਸ਼ੀਆਂ-ਭਰਪੂਰ ਦਰਸ਼ਨ ਹੋਣਗੇ।

ਇਸੇ ਤਰ੍ਹਾਂ ਅਠਾਰ੍ਹਵੀਂ ਸਦੀ ਵਿੱਚ ਆਰੰਭ ਕੀਤੀ ਅਤੇ ਸੰਨ 1810 ਵਿੱਚ ਮੁਕੰਮਲ ਕੀਤੀ 'ਤਾਰੀਕਿ-ਬਹਿਰੁਲ-ਮੱਵਾਸ਼' ਦੇ ਪਹਿਲੇ ਹਿੱਸੇ ਅਤੇ ਤਾਰੀਖਿ ਮੁਜ਼ੱਫ਼ਰੀ ਦੇ ਪੰਨਾ 208 ਪਰ ਲਿਖਿਆ ਹੋਇਆ ਹੈ ਕਿ:

ਬਾਦ ਅਜ਼ ਓ ਬ-ਇਹਤਕਾਦਿ ਈਂ ਜਮਾਇ ਇਤਨਾ ਕਿ ਗੁਰੂ ਵਹ ਕਰਾਮਾਤਿ ਬਾਨਤੀ ਬਰਖ਼ਾਸਤ, ਵਾ ਗ੍ਰੰਥ ਮਜ਼ਕੂਰ ਬ-ਜਾਇ ਗੁਰੂ ਮੁਕੱਰਰ ਸ਼ੁਦਾ।

**ਅਰਥਾਤ**: ਉਨ੍ਹਾਂ (ਗੁਰੂ ਗੋਬਿੰਦ ਸਿੰਘ) ਤੋਂ ਬਾਅਦ ਇਸ (ਸਿੱਖ) ਜਮਾਤ ਦੇ ਯਕੀਨ ਅਨੁਸਾਰ ਨਿਯਤ ਕਰਨਾ ਅਤੇ ਮਨੁੱਖੀ ਕਰਾਮਾਤ ਹੋ ਗਈ ਹੈ ਤੇ ਗ੍ਰੰਥ ਜੀ ਗੁਰੂ ਦੇ ਥਾਂ 'ਤੇ ਨਿਯਤ ਹੋਏ ਹੋਏ ਹਨ।

ਇਸ ਤਰ੍ਹਾਂ ਹੀ ਫਾਰਸੀ, ਉਰਦੂ ਅਤੇ ਅੰਗਰੇਜ਼ੀ ਪੁਸਤਕਾਂ ਦੇ ਹੋਰ ਅਨੇਕਾਂ ਹਵਾਲੇ ਪੇਸ਼ ਕੀਤੇ ਜਾ ਸਕਦੇ ਹਨ। ਪਰ ਇੱਥੇ ਕੇਵਲ ਸਮਕਾਲੀ ਅਤੇ ਅਠਾਰ੍ਹਵੀਂ ਸਦੀ ਦੀਆਂ ਲਿਖਤਾਂ ਦੇ ਹਵਾਲੇ ਦੇਣੇ ਹੀ ਕਾਫ਼ੀ ਹਨ ਜੋ ਗੁਰੂ ਸਾਹਿਬ ਦੇ ਜੋਤੀ-ਜੋਤ ਸਮਾਉਣ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿੱਤੇ ਜਾਣ ਦੀ ਹੀ ਸਦੀ ਹੈ। ਇਸ 90-100 ਸਾਲ ਦੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੇ ਦੇਹਾਂਤ ਸਬੰਧੀ ਕੋਈ ਸ਼ੱਕ ਨਹੀਂ ਅਤੇ ਕਿਸੇ ਮਨੁੱਖ ਦੇ ਉਨ੍ਹਾਂ ਦੀ ਥਾਂ ਗੁਰੂ ਮੁਕੱਰਰ ਕੀਤੇ ਜਾਣ ਦਾ ਜ਼ਿਕਰ ਦਰਜ ਨਹੀਂ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਦੇਹਾਂਤ ਅਤੇ ਉਨ੍ਹਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੇ ਜਾਣ ਦਾ ਵਾਕਿਆ ਨਿਸਚਿਤ ਅਤੇ ਅਟੱਲ ਇਤਿਹਾਸਕ ਸੱਚਾਈਆਂ ਹਨ।

(ਇਸ ਵਿਸ਼ੇ ਦੇ ਹੋਰ ਵਿਸਥਾਰ ਲਈ ਵੇਖੋ: 'Guru Gobind Singh's Death at Nanded : An Examination of Succession Theories.' ਜੋ ਗੁਰੂ ਨਾਨਕ ਫਾਊਂਡੇਸ਼ਨ, ਜ਼ਿਲ੍ਹਾ ਬਠਿੰਡਾ-ਫ਼ਰੀਦਕੋਟ, ਵੱਲੋਂ ਸੰਨ 1972 ਵਿੱਚ ਪ੍ਰਕਾਸ਼ਤ ਹੋਈ ਸੀ। ਇਹ ਪਹਿਲੋਂ ਪਹਿਲ ਇੱਕ ਲੇਖ ਦੀ ਸੂਰਤ ਵਿੱਚ 'ਸਿੱਖ ਰੀਵੀਊ' (ਕਲਕੱਤਾ) ਦੇ ਜਨਵਰੀ 1972 ਦੇ ਪਰਚੇ ਵਿੱਚ ਛਪੀ ਸੀ।)

ਨਵੀਂ ਛਪੀ ਕਿਤਾਬ:

## 'ਮੁੰਦਾਵਣੀ' ਦੇ ਰੂਬਰੂ

ਮਹਿੰਦਰ ਸਿੰਘ ਚਚਰਾੜੀ

ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਰਾਗਮਾਲਾ ਸਬੰਧੀ ਵਿਵਾਦ ਨੂੰ ਹੱਲ ਕਰਨ ਲਈ ਗਿਆਨੀ ਗੁਰਦਿੱਤ ਸਿੰਘ (ਮੈਂਬਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਕਮੇਟੀ) ਦੀ ਇੱਕ ਖੋਜ ਭਰਪੂਰ ਕਿਤਾਬ ਮੁੰਦਾਵਣੀ ਪ੍ਰਕਾਸ਼ਤ ਹੋਈ ਹੈ ਜਿਸ ਵਿੱਚ ਉਨ੍ਹਾਂ ਰਾਗਮਾਲਾ ਸਬੰਧੀ ਪ੍ਰਮਾਣਕ ਜਾਣਕਾਰੀ ਹਾਸਲ ਕਰ ਕੇ ਇਹ ਸਾਬਤ ਕੀਤਾ ਹੈ ਕਿ ਰਾਗਮਾਲਾ ਦਾ ਗੁਰਬਾਣੀ ਨਾਲ ਕੋਈ ਸਬੰਧ ਨਹੀਂ ਅਤੇ ਗੁਰੂ ਸਾਹਿਬਾਨ ਵੱਲੋਂ ਲਿਖਵਾਈ ਬਾਣੀ ਦਾ ਭੋਗ ਮੁੰਦਾਵਣੀ 'ਤੇ ਹੀ ਹੈ।

'ਮੁੰਦਾਵਣੀ' ਦੀ ਭੂਮਿਕਾ ਵਿੱਚ ਗਿਆਨੀ ਗੁਰਦਿੱਤ ਸਿੰਘ ਜੀ ਲਿਖਦੇ ਹਨ, "ਅਜਿਹੀ ਰਚਨਾ ਜਿਸ ਦਾ ਕੋਈ ਮਹਲਾ ਤੇ ਸੂਚਨਾ ਨਹੀਂ ਤੇ ਅੰਕਾਂ ਦੀ ਪ੍ਰਣਾਲੀ ਵੀ ਨਹੀਂ, ਰਹਾਉ ਵੀ ਨਹੀਂ, ਕਿਸੇ ਰਚਣ ਵਾਲੇ ਦਾ ਨਾਂ ਵੀ ਨਹੀਂ ਜਿਸ ਤੋਂ ਪਤਾ ਚੱਲੇ ਕਿ ਇਹ ਲਿਖਤ ਬਾਣੀ ਹੈ ਅਤੇ ਹਰ ਰਾਗ ਦੀਆਂ ਪੰਚ ਬਰੰਗਨਾਂ (ਰਾਗਨੀਆਂ) ਅਤੇ ਅਸ਼ਟ (ਅੱਠ) ਨੰਦਨ (ਪੁੱਤਰ) ਮੁੜ ਮੁੜ ਦੱਸੇ ਜਾਂਦੇ ਹਨ, ਤਾਂ ਖੋਜ ਦੀ ਇੱਛਾ ਪੈਦਾ ਹੁੰਦੀ ਹੈ। ...... ਜੇ ਇਸ ਰਚਨਾ ਦਾ ਗੁਰੂ ਘਰ ਨਾਲ ਕਿਸੇ ਤਰ੍ਹਾਂ ਦਾ ਸਬੰਧ ਹੁੰਦਾ ਤਾਂ ਘੱਟੋ ਘੱਟ ਜਿਨ੍ਹਾਂ ਰਾਗਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਚੀ ਗਈ ਹੈ, ਉਨ੍ਹਾਂ ਵਿੱਚੋਂ ਇਨ੍ਹਾਂ 9 ਰਾਗਾਂ ਦਾ ਨਾਂ ਕਿਉਂ ਨਹੀਂ ਆਇਆ — ਮਾਝ, ਬਿਹਾਗੜਾ, ਵਡਹੰਸ, ਜੈਤਸਰੀ, ਰਾਮਕਲੀ, ਮਾਲੀ ਗਉੜਾ, ਤੁਖਾਰੀ, ਪ੍ਰਭਾਤੀ ਅਤੇ ਜੈਜਾਵੰਤੀ।

'ਮੁੰਦਾਵਣੀ' ਦੇ ਆਰੰਭ ਅਤੇ ਅੰਤ 'ਚ ਲੇਖਕ ਨੇ ਉਨ੍ਹਾਂ ਪੰਥ ਪ੍ਰਸਿੱਧ ਬੀੜਾਂ ਦੀਆਂ ਫੋਟੋਆਂ ਛਾਪੀਆਂ ਹਨ ਜਿਨ੍ਹਾਂ ਵਿੱਚ ਗੁਰਬਾਣੀ ਦਾ ਭੋਗ ਮੁੰਦਾਵਣੀ ਉੱਪਰ ਹੀ ਹੈ। ਇਨ੍ਹਾਂ ਬੀੜਾਂ 'ਚ ਸਿੱਖ ਰੈਫ਼ਰੈਂਸ ਲਾਇਬਰੇਰੀ ਵਾਲੀ ਬੀੜ, ਆਦਿ ਬੀੜ ਨਾਲ ਸੋਧੀ ਹੋਈ ਬੀੜ (ਜੋ ਅਕਾਲ ਤਖ਼ਤ ਵਿਖੇ ਸੁਸ਼ੋਭਤ ਹੈ), ਬਾਬਾ ਆਲਾ ਸਿੰਘ ਦੇ ਬੁਰਜ ਵਾਲੀ ਬੀੜ, ਕਰਤਾਰਪੁਰ ਵਾਲੀ ਬੀੜ, ਪਟਿਆਲੇ ਵਾਲੀ ਬੀੜ, ਪਟਨਾ ਸਾਹਿਬ ਵਾਲੀ ਬੀੜ, ਮੋਤੀ ਬਾਗ (ਪਟਿਆਲਾ) ਵਿਖੇ ਸੁਸ਼ੋਭਤ ਬੀੜ, ਦਮਦਮਾ ਸਾਹਿਬ ਵਾਲੀ ਬੀੜ, ਸਾਗਰੀ ਪਿੰਡ ਵਾਲੀ ਬੀੜ, ਤਰਨਤਾਰਨ ਵਾਲੀ ਬੀੜ, ਫ਼ਫ਼ੜੇ ਭਾਈਕੇ ਵਾਲੀ ਬੀੜ, ਦੇਹਰਾਦੂਨ ਵਾਲੀ ਬੀੜ, ਮੁੰਗੇਰ (ਬਿਹਾਰ) ਵਾਲੀ ਬੀੜ, ਹਜ਼ੂਰ ਸਾਹਿਬ ਵਾਲੀ ਬੀੜ, ਭਾਈ ਬੰਨੋ ਵਾਲੀ ਬੀੜ, ਕਾਹਨਗੜ੍ਹ ਵਾਲੀ ਬੀੜ ਅਤੇ ਕੁਝ ਹੋਰ ਬੀੜਾਂ ਦੇ ਚਿੱਤਰ ਸ਼ਾਮਲ ਹਨ, ਜੋ ਇਹ ਦਰਸਾਉਂਦੇ ਹਨ ਕਿ ਗੁਰਬਾਣੀ ਦਾ ਅੰਤ ਮੁੰਦਾਵਣੀ 'ਤੇ ਹੈ ਅਤੇ ਇਸ ਮਗਰੋਂ ਲਿਖਿਆ ਹੋਇਆ "ਤੇਰਾ ਕੀਤਾ ਜਾਤੋ ਨਾਹੀ..." ਵਾਲਾ ਸਲੋਕ ਪੰਜਵੇਂ ਪਾਤਸ਼ਾਹ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਉਚਾਰਿਆ ਸੀ।

ਗੁਰੂ ਸਾਹਿਬਾਨ ਨੇ ਆਪਣੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੰਕਲਤ ਕਰਨ ਦਾ ਫ਼ੈਸਲਾ ਹੋਰਨਾਂ ਧਰਮ ਗ੍ਰੰਥਾਂ ਦੇ ਪਹਿਲਾਂ ਹੋਏ ਮਾੜੇ ਹਸ਼ਰ ਨੂੰ ਸਾਹਮਣੇ ਰੱਖਦਿਆਂ ਕੀਤਾ ਸੀ। ਇਸੇ ਲਈ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਗੁਰੂ ਅੰਗਦ ਸਾਹਿਬ ਨੇ ਸੰਭਾਲੀ, ਗੁਰੂ ਅੰਗਦ ਸਾਹਿਬ ਦੀ ਗੁਰੂ ਸਾਹਿਬ ਨੇ, ਗੁਰੂ ਅਮਰਦਾਸ ਸਾਹਿਬ ਦੀ ਗੁਰੂ ਰਾਮਦਾਸ ਸਾਹਿਬ ਨੇ ਅਤੇ ਗੁਰੂ ਰਾਮਦਾਸ ਸਾਹਿਬ ਦੀ ਗੁਰੂ ਅਰਜਨ ਸਾਹਿਬ ਨੇ। ਇਹ ਸਾਰੀ ਬਾਣੀ ਇਕੱਤਰ ਕਰ ਕੇ ਗੁਰੂ ਅਰਜਨ ਸਾਹਿਬ ਨੇ 1604 ਈ: ਵਿੱਚ (ਗੁਰੂ) ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਜਿਸ ਵਿੱਚ ਆਪਣੇ 2312 ਸਲੋਕਾਂ/ਸ਼ਬਦਾਂ ਤੋਂ ਇਲਾਵਾ ਕੁਝ ਸਮਕਾਲੀ ਤੇ ਪਹਿਲਾਂ ਹੋ ਚੁੱਕੇ ਭਗਤਾਂ ਦੀ ਬਾਣੀ ਵੀ ਸੋਧ ਕੇ ਦਰਜ ਕੀਤੀ ਗਈ। ਕੁਲ ਮਿਲਾ ਕੇ 36 ਮਹਾਂਪੁਰਸ਼ਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤੀ ਗਈ (ਮਿਸ਼ਨਰੀਆਂ ਮੁਤਾਬਕ 35 ਮਹਾਂਪੁਰਸ਼ਾਂ ਦੀ ਬਾਣੀ ਕਿਉਂਕਿ ਉਹ ਭਾਈ ਮਰਦਾਨੇ ਵਾਲੇ ਸਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੀ ਹੀ ਰਚਨਾ ਮੰਨਦੇ ਹਨ। ਇਸ ਸਬੰਧੀ ਪ੍ਰਮਾਣਕ ਖੋਜ ਦੀ ਲੋੜ ਹੈ)। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਨੂੰ ਇੱਕ ਵਿਸ਼ੇਸ਼ ਤਰਤੀਬ ਵਿੱਚ ਬੰਨ੍ਹਿਆ ਗਿਆ। ਪਹਿਲੇ, ਦੂਜੇ, ਤੀਜੇ, ਚੌਥੇ, ਪੰਜਵੇਂ, ਨੌਵੇਂ ਪਾਤਸ਼ਾਹ (ਨੌਵੇਂ ਪਾਤਸ਼ਾਹ ਦੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਦਰਜ ਕੀਤੀ ਸੀ) ਦੀ ਬਾਣੀ ਤੋਂ ਬਾਅਦ ਵਾਰਾਂ/ਛੰਤ ਦਰਜ ਕੀਤੇ; ਫੇਰ ਭਗਤਾਂ ਦੀ ਬਾਣੀ ਨੂੰ ਜਗ੍ਹਾ ਮਿਲੀ। ਸਾਰੀ ਬਾਣੀ ਤਰਤੀਬਵਾਰ ਦਰਜ ਕਰਨ ਮਗਰੋਂ ਗੁਰੂ ਅਰਜਨ ਸਾਹਿਬ ਨੇ ਮੁੰਦਾਵਣੀ ਲਿਖ ਕੇ ਬੀੜ ਮੁੰਦਣ (ਸਮਾਪਤ ਕਰਨ) ਦਾ ਸਪਸ਼ਟ ਸੰਕੇਤ ਦਿੱਤਾ ਅਤੇ ਬੀੜ ਸੰਪੂਰਨ ਕਰਨ ਦਾ ਬਲ ਬਖ਼ਸ਼ਣ ਬਦਲੇ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ "ਤੇਰਾ ਕੀਤਾ ਜਾਤੋ ਨਾਹੀ..." ਵਾਲਾ ਸਲੋਕ ਲਿਖਿਆ।

ਗੁਰੂ ਸਾਹਿਬ ਵੱਲੋਂ ਮੁੰਦਾਵਣੀ ਲਿਖਣ ਦਾ ਮਕਸਦ ਹੋਰਨਾਂ ਧਰਮਾਂ ਦੇ ਗ੍ਰੰਥਾਂ 'ਚ ਸਮੇਂ ਨਾਲ ਪਏ ਰਲਾਅ ਦੀ ਸੰਭਾਵਨਾ ਨੂੰ ਗੁਰੂ ਗ੍ਰੰਥ ਸਾਹਿਬ ਦੇ ਪ੍ਰਸੰਗ 'ਚ ਖ਼ਤਮ ਕਰਨਾ ਸੀ। ਲੇਖਕ ਵੱਲੋਂ 'ਮੁੰਦਾਵਣੀ' ਵਿੱਚ ਛਾਪੀਆਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਬੀੜਾਂ ਦੀਆਂ ਫੋਟੋਆਂ 'ਚ ਜੋ ਬਾਣੀ ਦਾ ਵਖਰੇਵਾਂ ਨਜ਼ਰ ਆਉਂਦਾ ਹੈ, ਉਹ ਮੁੰਦਾਵਣੀ ਦੀ ਰਚਨਾ ਤੋਂ ਪਹਿਲਾਂ ਹੀ ਹੈ ਭਾਵ ਕਿ ਕਿਸੇ ਨੇ ਜੰਗਾਂ ਯੁੱਧਾਂ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ

ਉਤਾਰੇ ਕਰਨ ਸਮੇਂ ਵੱਧ ਘੱਟ ਬਾਣੀ ਦਰਜ ਕੀਤੀ ਤਾਂ ਮੁੰਦਾਵਣੀ ਦਾ ਖਿਆਲ ਰੱਖ ਕੇ ਕੀਤੀ ਕਿਉਂਕਿ ਸਿੱਖ ਪੰਥ 'ਚ ਇਸ ਸਬੰਧੀ ਸਪਸ਼ਟਤਾ ਸੀ ਕਿ ਮੁੰਦਾਵਣੀ ਹੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਹੈ। ਕਿਸੇ ਵੀ ਬੀੜ 'ਚ ਮੁੰਦਾਵਣੀ ਤੋਂ ਮਗਰੋਂ ਕੋਈ ਹੋਰ ਬਾਣੀ ਦਰਜ ਨਹੀਂ ਹੈ।

ਬਾਬਾ ਬੰਦਾ ਸਿੰਘ ਬਹਾਦਰ ਦਾ ਖ਼ਾਲਸਾ ਰਾਜ ਖ਼ਤਮ ਹੋਣ ਮਗਰੋਂ ਜਦੋਂ ਸਿੱਖਾਂ ਨੂੰ ਮੁਗ਼ਲਾਂ ਤੇ ਹੋਰ ਧਾੜਵੀਆਂ ਨਾਲ ਜੂਝਦਿਆਂ ਜੰਗਲਾਂ ਬੇਲਿਆਂ 'ਚ ਜਾਣਾ ਪਿਆ ਤਾਂ ਜਿੱਥੇ 1746 ਤੇ 1762 'ਚ ਛੋਟੇ ਤੇ ਵੱਡੇ ਘੱਲੂਘਾਰੇ ਵਾਪਰੇ, ਉੱਥੇ ਸਿੱਖੀ ਪ੍ਰਚਾਰ ਦਾ ਕੰਟਰੋਲ ਨੀਮ ਹਿੰਦੂ ਕਿਸਮ ਦੇ ਲੋਕਾਂ ਕੋਲ ਆ ਗਿਆ। ਉਨ੍ਹਾਂ ਗੁਰਬਾਣੀ ਦੇ ਮਨਮਤੀ ਅਰਥ ਪ੍ਰਚਾਰੇ ਅਤੇ ਸਿੱਖੀ ਨੂੰ ਬ੍ਰਾਹਮਣਵਾਦੀ ਰੰਗਣ 'ਚ ਰੰਗ ਕੇ ਪੇਸ਼ ਕਰਨਾ ਸ਼ੁਰੂ ਕੀਤਾ। ਇਸ ਸਮੇਂ ਦੌਰਾਨ ਹੀ ਦਸਮ ਗ੍ਰੰਥ ਤੇ ਕਈ ਹੋਰ ਗ੍ਰੰਥ ਲਿਖੇ ਗਏ ਤੇ ਪ੍ਰਚੱਲਤ ਹੋਏ। 1735 'ਚ ਭਾਈ ਮਨੀ ਸਿੰਘ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਬੰਦਾ ਸਿੰਘ ਬਹਾਦਰ ਮਗਰੋਂ ਉਹਨਾਂ ਨੇ ਸਿੱਖਾਂ ਨੂੰ ਅਗਵਾਈ ਦੇਣ ਦੀ ਕੋਸ਼ਿਸ਼ ਕੀਤੀ ਸੀ ਪਰ ਸਮੇਂ ਦੀ ਹਕੂਮਤ ਨੇ ਆਨੀ ਬਹਾਨੀਂ ਉਨ੍ਹਾਂ ਨੂੰ ਕਤਲ ਕਰਵਾ ਦਿੱਤਾ। ਇੱਥੇ ਹੀ ਬੱਸ ਨਹੀਂ, ਉਨ੍ਹਾਂ ਦੇ 80 ਦੇ ਕਰੀਬ ਰਿਸ਼ਤੇਦਾਰ ਵੀ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਸ਼ਹੀਦ ਹੋਏ। ਭਿਆਨਕ ਸਮਾਂ ਜਾਣ ਕੇ ਭਾਈ ਮਨੀ ਸਿੰਘ ਨੇ ਹਰਿਮੰਦਰ ਸਾਹਿਬ ਦਾ ਮੁੱਖ ਪ੍ਰਬੰਧਕ ਹੁੰਦਿਆਂ ਸਿੱਖਾਂ ਦੀ ਭਗਤਮਾਲਾ ਨਾਮੀ ਗ੍ਰੰਥ ਲਿਖ ਕੇ ਕੌਮ ਨੂੰ ਕਈ ਪੱਖਾਂ ਤੋਂ ਸੁਚੇਤ ਕੀਤਾ ਜਿਸ ਵਿੱਚ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਭੋਗ ਮੁੰਦਾਵਣੀ 'ਤੇ ਹੀ ਪਾਉਣ ਸਬੰਧੀ ਲਿਖਿਆ ਹੋਇਆ ਹੈ (ਭਾਈ ਮਨੀ ਸਿੰਘ ਕਈ ਸਾਲ ਗੁਰੂ ਗੋਬਿੰਦ ਸਿੰਘ ਜੀ ਦੀ ਵਡਭਾਗੀ ਸੰਗਤ 'ਚ ਰਹੇ ਹਨ ਤੇ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਾਈ ਬੀੜ ਦੇ ਦੋ ਉਤਾਰੇ ਕਰਨ ਦਾ ਸੁਭਾਗ ਵੀ ਹਾਸਲ ਹੈ)। ਭਾਈ ਮਨੀ ਸਿੰਘ ਦੀ ਸ਼ਹੀਦੀ ਮਗਰੋਂ ਗਿਆਨੀ ਸੂਰਤ ਸਿੰਘ ਨੇ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਕਰਦਿਆਂ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਉਤਾਰੇ ਕਰਵਾਏ। ਇਹ 1762 (ਵੱਡੇ ਘੱਲੂਘਾਰੇ) ਤੋਂ ਬਾਅਦ ਦਾ ਸਮਾਂ ਸੀ ਅਤੇ ਕਈ ਲਿਖਾਰੀਆਂ ਨੇ ਆਪੋ-ਆਪਣੀ ਮੱਤ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਉਤਾਰੇ ਕਰ ਲਏ ਸਨ ਜਿਨ੍ਹਾਂ 'ਚ ਭਾਵੇਂ ਬਾਣੀਆਂ ਦਾ ਵਖਰੇਵਾਂ ਸੀ ਪਰ ਭੋਗ ਮੁੰਦਾਵਣੀ ਉੱਪਰ ਪਾਉਣ ਸਬੰਧੀ ਸਾਰੇ ਇੱਕ ਮੱਤ ਸਨ। ਅਤੇ ਭਾਈ ਸੰਤੋਖ ਸਿੰਘ ਜੀ ਦੀਆਂ ਇਹ ਤੁਕਾਂ ਸਮੁੱਚੀ ਸਿੱਖ ਕੌਮ ਨੂੰ ਸੇਧ ਦਿੰਦੀਆਂ ਸਨ :

ਰਾਗਮਾਲਾ ਸ੍ਰੀ ਗੁਰੂ ਕੀ ਕ੍ਰਿਤ ਨਹਿ,
ਹੈ ਮੁੰਦਾਵਣੀ ਲਗਿ ਗੁਰ ਬੈਨ।
ਇਸ ਮਹਿ ਨਹਿ ਸੰਸੇ ਕੁਝ ਕਰੀਅਹਿ,
ਜੇ ਸੰਸੇ ਅਵਲੋਕਹੁ ਨੈਨ।
ਮਾਧਵਾਨਲ ਆਲਮ ਕਵਿ ਕੀਨਸਿ,
ਤਿਸ ਮਹਿ ਨ੍ਰਿਤਕਾਰੀ ਕਹਿ ਤੈਨ।
ਰਾਗ ਰਾਗਨੀ ਨਾਮ ਗਿਣੇ ਤਹਿ,
ਯਾਤੇ ਸ੍ਰੀ ਅਰਜਨ ਕ੍ਰਿਤ ਹੈ ਨ।

(ਗੁਰ ਪ੍ਰਤਾਪ ਸੂਰਜ ਪ੍ਰਕਾਸ਼)

ਗਿਆਨੀ ਗਿਆਨ ਸਿੰਘ ਵੀ ਪੰਥ ਪ੍ਰਸਿੱਧ ਵਿਦਵਾਨ ਹੋਏ ਹਨ। 'ਤਵਾਰੀਖ ਗੁਰੂ ਖ਼ਾਲਸਾ' ਨਾਮੀ ਗ੍ਰੰਥ 'ਚ ਉਹ ਰਾਗਮਾਲਾ ਸਬੰਧੀ ਲਿਖਦੇ ਹਨ:

''ਸਾਰੀ ਬਾਣੀ ਲਿਖਾ ਕੇ ਗੁਰੂ ਜੀ ਅੰਤ ਨੂੰ 'ਮੁੰਦਾਵਣੀ' ਉੱਤੇ ਭੋਗ ਪਾ ਦਿੱਤਾ ਕਿਉਂਕਿ 'ਮੁੰਦਾਵਣੀ' ਨਾਮ ਹੀ ਮੁੰਦ ਦੇਣ ਦਾ ਹੈ — ਜਿਸ ਤਰ੍ਹਾਂ ਕਿਸੇ ਚਿੱਠੀ-ਪੱਤਰ ਨੂੰ ਲਿਖ ਕੇ ਅੰਤ ਵਿੱਚ ਮੋਹਰ ਲਾ ਕੇ ਮੁੰਦ ਦੇਈਦਾ ਹੈ ਕਿ ਏਦੂੰ ਅੱਗੇ ਹੋਰ ਕੁਝ ਨਹੀਂ।''

ਮੁੰਦਾਵਣੀ ਦੇ ਅਰਥਾਂ-ਭਾਵਾਂ ਦਾ ਜ਼ਿਕਰ ਕਰਦਿਆਂ 'ਮੁੰਦਾਵਣੀ' ਦਾ ਕਰਤਾ ਅੱਗੇ ਲਿਖਦਾ ਹੈ ਕਿ ਪੰਥ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦਾ ਇੱਕ ਗ੍ਰੰਥ 'ਗੁਰਮਤਿ ਸੁਧਾਕਰ' 1901 ਵਿੱਚ ਭਾਈ ਵੀਰ ਸਿੰਘ ਦੇ ਛਾਪੇਖਾਨੇ 'ਵਜ਼ੀਰ ਹਿੰਦ ਪ੍ਰੈਸ' ਵਿੱਚ ਛਪਿਆ ਜਿਸ ਵਿੱਚ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਭਾਈ ਚੌਪਾ ਸਿੰਘ ਜੀ ਦੇ ਹਵਾਲੇ ਨਾਲ ਇਹ ਲਿਖਿਆ ਕਿ ਗੁਰੂ ਗ੍ਰੰਥ ਸਾਹਿਬ ਦਾ ਭੋਗ ਮੁੰਦਾਵਣੀ ਉੱਤੇ ਪਾਉਣਾ ਹੀ ਠੀਕ ਹੈ। ਉਸ ਸਮੇਂ ਭਾਈ ਵੀਰ ਸਿੰਘ ਦਾ ਇਹ ਮੱਤ ਸੀ ਕਿ ਮੁੰਦਾਵਣੀ ਹੀ ਗੁਰੂ ਗ੍ਰੰਥ ਸਾਹਿਬ ਦਾ ਅੰਤ ਹੈ ਪਰ ਮਗਰੋਂ ਪੋਠੋਹਾਰ ਦੇ ਸਿੱਖਾਂ ਦੇ ਪ੍ਰਭਾਵ ਹੇਠ ਉਹਨਾਂ ਆਪਣੇ ਵਿਚਾਰ ਬਦਲ ਲਏ ਕਿਉਂਕਿ ਪੋਠੋਹਾਰ ਦੇ ਇਲਾਕੇ 'ਚ ਮੁੰਦਾਵਣੀ ਦੇ ਅਰਥ ਬੁਝਾਰਤ ਕੀਤੇ ਜਾਂਦੇ ਹਨ ਅਤੇ ਉਹ ਮੁੰਦਾਵਣੀ ਨੂੰ ਇੱਕ ਬੁਝਾਰਤ ਮੰਨਦੇ ਹਨ। ਇੱਥੋਂ ਦੇ ਹੀ ਸਿੱਖਾਂ ਵੱਲੋਂ ਬਣਾਏ ਚੀਫ਼ ਖ਼ਾਲਸਾ ਦੀਵਾਨ ਨੇ ਵੀ ਮੁੰਦਾਵਣੀ ਨੂੰ ਪਹਿਲਾਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਤ ਮੰਨਿਆ ਪਰ ਮਗਰੋਂ ਆਪਣੀ ਬੋਲੀ ਦੇ ਹਿਸਾਬ ਨਾਲ ਮੁੰਦਾਵਣੀ ਨੂੰ ਬੁਝਾਰਤ ਅਤੇ ਰਾਗਮਾਲਾ ਨੂੰ ਬਾਣੀ ਮੰਨਣ ਲੱਗ ਪਏ। ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ ਵੀ ਪਹਿਲਾਂ ਮੁੰਦਾਵਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਤ ਮੰਨਦੇ ਸਨ ਪਰ ਮਗਰੋਂ ਉਹਨਾਂ ਆਪਣੇ ਵਿਚਾਰ ਬਦਲ ਲਏ। 'ਗੁਰਬਾਣੀ ਪਾਠ ਦਰਸ਼ਨ' ਦੇ ਪਹਿਲੇ ਐਡੀਸ਼ਨ 'ਚ ਉਹ ਲਿਖਦੇ ਹਨ:

"**ਮੁੰਦਾਵਣੀ**: ਇਹ ਮੋਹਰ ਛਾਪ ਪੰਜਵੀਂ ਪਾਤਸ਼ਾਹੀ ਨੇ ਕੀਤੀ ਸੀ। ਜੈਸੇ ਬਾਦਸ਼ਾਹ ਆਪਣੀ ਮੋਹਰ ਛਾਪ ਕਰਦਾ ਹੈ ਤੈਸੇ ਇਹ ਗੁਰੂ ਗ੍ਰੰਥ ਸਾਹਿਬ ਰੂਪੀ ਥੈਲੀ ਹੈ ਜੋ ਹੀਰੇ ਜਵਾਹਰਾਤ ਸੇ ਪੂਰਨ ਹੈ। ਤਿਸ ਕੇ ਉੱਪਰ ਮੋਹਰ ਛਾਪ ਲਗਾਈ ਹੈ।"

ਸਤਿਕਾਰਯੋਗ (ਗਿਆਨੀ) ਸੰਤ ਗੁਰਬਚਨ ਸਿੰਘ ਨੇ ਜਦੋਂ ਮੁੰਦਾਵਣੀ ਨੂੰ ਮੋਹਰ ਛਾਪ ਪ੍ਰਵਾਨ ਕਰ ਹੀ ਲਿਆ ਸੀ ਤਾਂ ਹੁਣ ਦਮਦਮੀ ਟਕਸਾਲ ਵਾਲੇ ਕਿਸ ਮੂੰਹ ਨਾਲ ਰਾਗਮਾਲਾ ਪੜ੍ਹ ਕੇ ਗੁਰਬਾਣੀ ਦਾ ਭੋਗ ਪਾਉਣ ਦੀ ਗੱਲ ਕਰਦੇ ਹਨ? ਰਾਗਮਾਲਾ ਦੇ ਅਧਿਆਤਮਕ ਅਰਥ ਕਰਨ ਦੀ ਕੀ ਤੁਕ ਬਣਦੀ ਹੈ, ਜਦਕਿ ਰਾਗਮਾਲਾ ਸਿਰਫ ਰਾਗਾਂ ਦੀ ਮਾਲਾ ਹੈ ਜੋ ਗੁਰੂ ਸਹਿਬਾਨ ਦੇ ਸਮੇਂ ਤੋਂ ਬਾਅਦ ਜਾਣੇ-ਅਣਜਾਣੇ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੱਸਾ ਬਣ ਗਈ ਹੋਈ ਹੈ। ਫੇਰ ਰਾਗਮਾਲਾ ਦੇ ਰਾਗਾਂ ਦਾ ਵੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਰਾਗਾਂ ਨਾਲੋਂ ਕਾਫ਼ੀ ਫ਼ਰਕ ਹੈ। ਰਾਗਮਾਲਾ ਨੇ ਰਾਗਾਂ ਦੀ ਗਿਣਤੀ 48 ਕੀਤੀ ਹੈ ਜਦ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ 31 ਰਾਗ ਤੇ 6 ਰਾਗਣੀਆਂ ਹਨ।

ਵੱਖ-ਵੱਖ ਅੰਗਰੇਜ਼ੀ ਅਤੇ ਹਿੰਦੀ ਵਿਦਵਾਨਾਂ ਨੇ ਵੀ ਰਾਗਮਾਲਾ ਨੂੰ ਗੁਰੂ ਕ੍ਰਿਤ ਨਹੀਂ ਮੰਨਿਆ ਤੇ ਇਸ ਨੂੰ ਅਕਬਰ ਦੇ ਇੱਕ ਸਮਕਾਲੀ ਕਵੀ ਆਲਮ ਦੀ 'ਮਾਧਵਾਨਲ ਕਾਮਕੰਦਲਾ' ਨਾਮੀ ਰਚਨਾ ਦਾ ਇੱਕ ਹਿੱਸਾ ਮੰਨਿਆ ਹੈ। ਗਿਆਨੀ ਗੁਰਦਿੱਤ ਸਿੰਘ ਨੇ ਇਹਨਾਂ ਪ੍ਰਸਿੱਧ ਵਿਦਵਾਨਾਂ ਦੇ ਹਵਾਲੇ ਨਾਲ ਇਹ ਸਾਬਤ ਕੀਤਾ ਹੈ ਕਿ ਰਾਗਮਾਲਾ ਦਾ ਗੁਰਬਾਣੀ ਨਾਲ ਕੋਈ ਸਬੰਧ ਨਹੀਂ ਅਤੇ ਇਹ ਆਲਮ ਦੀ ਰਚਨਾ ਦਾ ਹੀ ਇੱਕ ਭਾਗ ਹੈ। 31 ਫਰਵਰੀ 1899 ਨੂੰ ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਮੈਕਾਲਿਫ਼ ਵੱਲੋਂ ਗੁਰੂ ਗ੍ਰੰਥ ਸਾਹਿਬ ਸਬੰਧੀ ਖੋਜ ਮੁਕੰਮਲ ਕਰ ਕੇ ਅਕਾਲ ਤਖ਼ਤ 'ਤੇ ਦਿੱਤੇ ਆਪਣੇ ਭਾਸ਼ਣ 'ਚ ਇਹ ਸਿੱਟਾ ਕੱਢਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਮੁੰਦਾਵਣੀ ਉੱਪਰ ਹੁੰਦੀ ਹੈ ਅਤੇ ਰਾਗਮਾਲਾ 'ਮਾਧਵਾਨਲ ਕਾਮਕੰਦਲਾ' ਨਾਮੀ ਰਚਨਾ ਦਾ ਇੱਕ ਹਿੱਸਾ ਹੈ। ਪ੍ਰਸਿੱਧ ਹਿੰਦੀ ਵਿਦਵਾਨ ਅਸ਼ੋਕ ਕੁਮਾਰ ਮਿਸ਼ਰ, ਦੇਵੀ ਪ੍ਰਸਾਦ, ਰਾਮ ਤ੍ਰਿਪਾਠੀ, ਡਾ. ਰਾਮ ਕੁਮਾਰ ਵਰਮਾ, ਧੀਰੇਂਦਰ ਵਰਮਾ, ਨਾਗਰੀ ਪ੍ਰਚਾਰਣੀ ਸਭਾ (ਕਾਂਸ਼ੀ), ਹਜ਼ਾਰੀ ਪ੍ਰਸ਼ਾਦ ਦਿਵੇਦੀ, ਪਰਸ਼ੂਰਾਮ ਚਤੁਰਵੇਦੀ, ਹਿੰਦੀ ਵਿਸ਼ਵਕੋਸ਼, ਡਾ. ਜਗਦੀਸ਼ ਸ਼ਰਮਾ, ਭਾਗੀਰਥ ਮਿਸ਼ਰ ਆਦਿ ਦੇ ਵਿਚਾਰਾਂ ਤੋਂ ਇਲਾਵਾ ਬੜੌਦਾ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਮੌਜੂਮਦਾਰ ਵੱਲੋਂ 1942 'ਚ ਲਿਖੇ ਥੀਸਿਸ ਵਿੱਚੋਂ ਵੀ ਇਹੋ ਸੱਚ ਉਭਰਦਾ ਹੈ ਕਿ 'ਮਾਧਵਾਨਲ ਕਾਮਕੰਦਲਾ' ਨਾਮੀ ਰਚਨਾ ਅਕਬਰ ਦੇ ਸਮਕਾਲੀ ਕਵੀ ਆਲਮ ਦੀ ਕ੍ਰਿਤ ਹੈ ਜੋ 1584 ਈ: ਵਿੱਚ ਲਿਖੀ ਗਈ ਅਤੇ ਅਕਬਰ ਦੇ ਦਰਬਾਰ 'ਚੋਂ ਸਨਮਾਨ ਪ੍ਰਾਪਤ ਕਰ ਕੇ ਜਗਤ ਪ੍ਰਸਿੱਧ ਹੋਈ। ਗੁਰੂ ਗ੍ਰੰਥ ਸਾਹਿਬ ਵਾਲੀ ਰਾਗਮਾਲਾ ਵੀ ਏਸ ਵਿੱਚੋਂ ਹੀ ਲਈ ਗਈ ਹੈ।

'ਮੁੰਦਾਵਣੀ' ਕਿਤਾਬ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਕਿਸੇ ਵੀ ਪ੍ਰਮਾਣਕ ਸਿੱਖ, ਹਿੰਦੀ ਤੇ ਅੰਗਰੇਜ਼ੀ ਵਿਦਵਾਨ ਨੇ ਰਾਗਮਾਲਾ ਨੂੰ ਗੁਰਬਾਣੀ ਦਾ ਹਿੱਸਾ ਨਹੀਂ ਮੰਨਿਆ ਅਤੇ ਇਹ ਅਕਬਰ ਦੇ ਸਮਕਾਲੀ ਕਵੀ ਆਲਮ ਦੀ ਰਚਨਾ ਹੈ। ਸਿੱਖ ਜਥੇਬੰਦੀਆਂ ਵਿੱਚ ਖੋਜੀ ਬਿਰਤੀ ਦੀ ਘਾਟ ਹੋਣ ਕਰਕੇ ਰਾਗਮਾਲਾ ਨੂੰ ਗੁਰਬਾਣੀ ਮੰਨਣ ਦੀ ਪਿਰਤ ਚੱਲੀ ਆ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਪੰਥਕ ਰਹਿਤ ਮਰਿਯਾਦਾ ਵਿੱਚ ਵੀ 'ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ (ਸਧਾਰਨ ਜਾਂ ਅਖੰਡ) ਚੱਲਦੀ ਸਥਾਨਕ ਰੀਤੀ ਅਨੁਸਾਰ' ਪਾਉਣ ਦੀ ਹਦਾਇਤ ਦਰਜ ਹੈ ਜੋ ਇਹ ਦਰਸਾਉਂਦੀ ਹੈ ਕਿ ਰਾਗਮਾਲਾ ਸਬੰਧੀ ਵਿਵਾਦ ਹੱਲ ਕਰਨ ਲਈ ਅਜੇ ਸਿੱਖ ਮਾਨਸਿਕਤਾ ਤਿਆਰ ਨਹੀਂ। ਇਸ ਦਾ ਲਾਹਾ ਲੈ ਕੇ ਜਿੱਥੇ ਰਾਗਮਾਲਾ ਦੇ ਵਿਰੋਧੀ ਮੁੰਦਾਵਣੀ ਪੜ੍ਹ ਕੇ ਹੀ ਭੋਗ ਪਾ ਦਿੰਦੇ ਹਨ ਜਦਕਿ ਸੰਪਰਦਾਇਕ ਕਿਸਮ ਦੇ ਲੋਕ ਰਾਗਮਾਲਾ ਨੂੰ ਪੜ੍ਹ ਕੇ ਭੋਗ ਪਾਉਂਦੇ ਹਨ।

ਇਸ ਸਮੇਂ ਪੰਥ 'ਚ ਤਿੰਨ ਤਰ੍ਹਾਂ ਦੇ ਵਿਚਾਰਾਂ ਵਾਲੇ ਲੋਕ ਵਿਚਰ ਰਹੇ ਹਨ, ਜਿਨ੍ਹਾਂ ਦਾ ਵਰਗੀਕਰਨ ਇੰਝ ਕੀਤਾ ਜਾ ਸਕਦਾ ਹੈ:

1. ਉਹ, ਜੋ ਰਾਗਮਾਲਾ ਨੂੰ ਗੁਰਬਾਣੀ ਮੰਨਦੇ ਹਨ।
2. ਉਹ, ਜੋ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਦੇ ਸਗੋਂ ਰਾਗਾਂ ਦੀ ਮਾਲਾ ਮੰਨਦੇ ਹਨ ਜੋ ਅਕਬਰ ਦੇ ਸਮਕਾਲੀ ਕਵੀ ਆਲਮ ਦੀ ਰਚਨਾ 'ਮਾਧਵਾਨਲ ਕਾਮਕੰਦਲਾ' ਦਾ ਇੱਕ ਹਿੱਸਾ ਹੈ।
3. ਉਹ, ਜੋ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਦੇ ਪਰ ਵਿਵਾਦ 'ਤੇ ਮਿੱਟੀ ਪਾ ਕੇ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਂਦਿਆਂ ਜੀਵਨ ਸੰਵਾਰਨ ਦੇ ਹਾਮੀ ਹਨ।

ਇਨ੍ਹਾਂ 'ਚੋਂ ਤੀਜੀ ਕਿਸਮ ਦੇ ਲੋਕਾਂ ਦੀ ਗਿਣਤੀ ਜ਼ਿਆਦਾ ਹੈ ਜਿਹੜੇ ਗੁਰੂ ਗ੍ਰੰਥ ਸਾਹਿਬ ਸਬੰਧੀ ਕਿਸੇ ਵਿਵਾਦ 'ਚ ਨਹੀਂ ਪੈਣਾ ਚਾਹੁੰਦੇ ਜਦਕਿ ਪਹਿਲੀ ਤੇ ਦੂਜੀ ਕਿਸਮ ਦੇ ਲੋਕ ਬਿਨਾਂ ਕਿਸੇ ਪ੍ਰਮਾਣਕ ਖੋਜ ਵਿਚਾਰ ਦੇ ਰਾਗਮਾਲਾ ਦੇ ਹੱਕ ਜਾਂ ਵਿਰੋਧ 'ਚ ਲੰਗੋਟ ਕੱਸੀ ਬੈਠੇ ਹਨ। ਖੋਜ ਵਿਚਾਰ ਤੋਂ ਸੱਖਣੇ ਇਹ ਰਾਗਮਾਲਾ ਦੇ ਵਿਰੋਧੀ ਤੇ ਹਾਮੀ ਟੋਲੇ ਕਈ ਵਾਰ ਇੱਕ-ਦੂਜੇ ਨਾਲ ਡਾਂਗੋ-ਡਾਂਗੀ ਵੀ ਹੋ ਚੁੱਕੇ ਹਨ। ਬਿਬੇਕ-ਬੁੱਧ ਦੀ ਘਾਟ ਕਾਰਣ ਰਾਗਮਾਲਾ ਸਬੰਧੀ ਵਿਵਾਦ ਏਨਾਂ ਲਮਕ ਚੁੱਕਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ

ਸੰਪਾਦਨਾ ਦੇ 400 ਸਾਲਾਂ ਬਾਅਦ ਵੀ ਇਹ ਕਿਸੇ ਹੱਲ ਵੱਲ ਵਧਦਾ ਨਜ਼ਰ ਨਹੀਂ ਆਉਂਦਾ।

ਗਿਆਨੀ ਗੁਰਦਿੱਤ ਸਿੰਘ ਵੱਲੋਂ ਲਿਖੀ ਕਿਤਾਬ 'ਮੁੰਦਾਵਣੀ' ਰਾਗਮਾਲਾ ਸਬੰਧੀ ਪ੍ਰਮਾਣਕ ਜਾਣਕਾਰੀ ਦਿੰਦੀ ਹੈ ਕਿ ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੱਸਾ ਕਦੋਂ ਬਣੀ ਤੇ ਇਹ ਕਿਸ ਦੀ ਰਚਨਾ ਹੈ। 'ਮੁੰਦਾਵਣੀ' ਦਾ ਸਾਰ-ਸਿੱਟਾ ਇਹੀ ਨਿਕਲਦਾ ਹੈ ਕਿ ਰਾਗਮਾਲਾ ਗੁਰਬਾਣੀ ਨਹੀਂ ਅਤੇ ਇਸ ਦਾ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਕੋਈ ਸਬੰਧ ਨਹੀਂ। ਅੱਜ ਸਮੁੱਚੇ ਪੰਥ ਨੂੰ ਗਿਆਨੀ ਗੁਰਦਿੱਤ ਸਿੰਘ ਦੀ 'ਮੁੰਦਾਵਣੀ' ਦੀ ਪ੍ਰਮਾਣਕ ਖੋਜ ਨੂੰ ਆਧਾਰ ਬਣਾ ਕੇ ਸਦੀਆਂ ਤੋਂ ਲਮਕਦੇ ਆ ਰਹੇ ਰਾਗਮਾਲਾ ਸਬੰਧੀ ਵਿਵਾਦ ਨੂੰ ਹੱਲ ਕਰ ਲੈਣਾ ਚਾਹੀਦਾ ਹੈ। ਬਿਬੇਕ-ਬੁੱਧ ਨਾਲ ਵਿਚਾਰਿਆਂ ਦੁਨੀਆਂ ਦਾ ਹਰ ਮਸਲਾ ਹੱਲ ਹੋ ਸਕਦਾ ਹੈ ਤਾਂ ਰਾਗਮਾਲਾ ਸਬੰਧੀ ਵਿਵਾਦ ਕਿਉਂ ਨਹੀਂ ?

✪✪✪✪✪

## ਜਥੇਦਾਰ ਬਨਾਮ ਸਿਆਸਤਦਾਨ-ਪੁਜਾਰੀ ਗੱਠਜੋੜ

ਸੰਤੋਖ ਸਿੰਘ, ਚੰਡੀਗੜ੍ਹ

ਸਿੱਖ ਧਰਮ ਵਿੱਚ ਜਥੇਦਾਰ ਦਾ ਰੁਤਬਾ ਬਹੁਤ ਉੱਚਾ ਹੈ। ਪਰ ਭੇਖੀਆਂ ਤੇ ਨਕਲ ਕਰਨ ਵਾਲਿਆਂ ਨੇ ਸੰਤ, ਅਕਾਲੀ ਅਤੇ ਜਥੇਦਾਰ ਦੇ ਨਾਮ ਮਿੱਟੀ ਵਿੱਚ ਰੁਲਾ ਦਿੱਤੇ ਹਨ। ਗੁਰਬਾਣੀ ਵਿੱਚ ਉਪਮਾਂ ਕਬੀਰ, ਨਾਮਦੇਵ ਅਤੇ ਫ਼ਰੀਦ ਜਿਹੇ ਸੰਤਾਂ ਦੀ ਹੈ ਪਰ ਅੱਜ ਸਮਾਜ ਤੋਂ ਭਗੌੜੇ, ਗੁਰਬਾਣੀ ਵੇਚਣ ਅਤੇ ਆਪਣੇ ਸੁਆਰਥ ਲਈ ਗੁਰਬਾਣੀ ਦੇ ਗ਼ਲਤ ਅਰਥ ਕਰਨ ਵਾਲੇ ਭੇਖੀ ਲੋਕ ਸੰਤ ਬਣੀ ਬੈਠੇ ਹਨ। ਇਹਨਾਂ ਦਾ ਨਿਸ਼ਾਨਾ ਰੂਹਾਨੀਅਤ ਦੀ ਬਜਾਏ ਹਰ ਹਰਬੇ ਨਾਲ ਮਾਇਆ ਬਟੋਰਨ ਦਾ ਹੈ। ਮੌਤ ਤੋਂ ਨਿਡਰ, ਸੁਆਰਥ ਮੁਕਤ, ਗੁਰਮਤਿ ਦੇ ਧਾਰਨੀ ਤੇ ਪੰਥ ਖ਼ਾਲਸੇ ਦੀ ਚੜ੍ਹਦੀ ਕਲਾ ਲਈ ਜਾਨਾਂ ਵਾਰਨ ਵਾਲੇ ਯੋਧੇ, ਅਕਾਲੀ ਕਰਕੇ ਜਾਣੇ ਜਾਂਦੇ ਸਨ। ਰੂਹਾਨੀਅਤ ਅਤੇ ਸੰਸਾਰਕ ਗਿਆਨ ਵਿੱਚ ਨਿਪੁੰਨ, ਤਿੱਖੀ ਬੁੱਧੀ, ਦੂਰ ਦਰਸ਼ੀ ਤੇ ਅਤਿ ਦਾ ਸੂਰਮਾ ਸਿੰਘ ਇਹਨਾਂ ਅਕਾਲੀਆਂ ਦਾ ਮੁਖੀ ਬਣਦਾ ਤੇ ਜਥੇਦਾਰ ਕਹਿ ਕੇ ਸਤਿਕਾਰਆ ਜਾਂਦਾ ਸੀ।

ਅੱਜ ਖ਼ੁਦਗਰਜ਼, ਸੱਤਾ ਦੇ ਭੁੱਖੇ, ਫ਼ਫ਼ੇ ਕੁੱਟਣੀ ਤੋਂ ਵੱਧ ਮੱਕਾਰ, ਗੁਰਮਤਿ ਤੋਂ ਦੂਰ, ਮਨੂੰਵਾਦੀਆਂ ਦੀ ਬਗੈਰ ਸੋਚੇ ਸਮਝੇ ਨਕਲ ਕਰਨ, ਸਿੱਖ ਸਿਧਾਂਤ ਦੇ ਉਲਟ ਮਰਨ ਵਰਤ ਰੱਖਣ, ਮਰਨ ਦੀ ਅਰਦਾਸ ਕਰ ਕੇ ਜਿਉਂਦੇ ਰਹਿਣ, ਅਰਦਾਸ ਦੀ ਮਹਾਨਤਾ ਭੰਗ ਕਰਨ, ਧਰਮ ਦੀ ਸੇਵਾ ਕਰਨ ਦੀ ਬਜਾਏ ਉਸ ਨੂੰ ਆਪਣੀ ਰੋਟੀ ਰੋਜ਼ੀ ਜਾਂ ਚੌਧਰ ਦਾ ਵਸੀਲਾ ਬਣਾਉਣ, ਦਰਬਾਰ ਸਾਹਿਬ ਵੱਲ ਮੂੰਹ ਕਰ ਕੇ ਝੂਠੇ ਵਾਇਦੇ ਕਰ ਕੇ ਸੰਗਤ ਦੇ ਧਾਰਮਕ ਜਜ਼ਬਾਤ ਉਭਾਰ ਕੇ ਸਿੱਖ ਜਵਾਨੀ ਦਾ ਘਾਣ ਕਰਵਾਉਣ, ਹਮਲਾਵਰ ਫ਼ੌਜ ਅੱਗੇ ਹੱਥ ਖੜ੍ਹੇ ਕਰ ਕੇ ਜਾਨ ਬਖ਼ਸ਼ਾਉਣ, ਸਿੱਖਾਂ ਦੇ ਹਿਤਾਂ ਵਿਰੁੱਧ ਦਿਰਿਆਈ ਪਾਣੀ ਮੁਫ਼ਤ ਦੇਣ, ਝੂਠੇ ਵਾਇਦੇ ਕਰ ਕੇ ਵੋਟਾਂ ਲੈਣ, ਪੰਥ ਵੱਲੋਂ ਦਿੱਤੀ ਰਾਜਸੀ ਸ਼ਕਤੀ ਨੂੰ ਪੰਥ ਦੀਆਂ ਜੜ੍ਹਾਂ ਵਿੱਚ ਅੱਕ ਦੇਣ, ਆਪਣੇ ਸੁਆਰਥ ਲਈ ਵਰਤਣ, ਪੰਥ ਨਾਲ ਹੋਏ ਧੱਕੇ 'ਤੇ ਚਾਨਣਾ ਪਾਉਣ ਵਾਲੇ ਕਮਿਸ਼ਨ ਨੂੰ ਖ਼ਤਮ ਕਰਨ ਲਈ ਵਚਨਬੱਧ ਮਨੂੰਵਾਦੀ ਸੰਗਠਨਾਂ ਨਾਲ ਰਾਜਸੀ ਸਾਂਝ ਪਾਉਣ, ਪੰਥ ਦੁਸ਼ਮਣ ਨੀਤੀਆਂ ਚਾਲੂ ਰੱਖਣ ਅਤੇ ਗੁਰੂ ਦੀ ਗੋਲਕ ਦੀ ਆਪਣੇ ਰਾਜਸੀ ਹਿਤਾਂ ਲਈ ਦੁਰਵਰਤੋਂ ਕਰਨ ਵਾਲੇ ਭੇਖੀ ਲੋਕ ਆਪਣੇ ਆਪ ਨੂੰ ਅਕਾਲੀ ਕਹਾ ਕੇ, ਇਹ ਨਕਲੀ ਅਕਾਲੀ, ਅਕਾਲੀ ਜਿਹੇ ਪਵਿੱਤਰ ਸ਼ਬਦ 'ਤੇ ਕਾਲਖ ਮਲ ਰਹੇ ਹਨ। ਅਸਲੀਅਤ ਇਹ ਹੈ ਕਿ ਬੁੱਕਲ ਦੇ ਸੱਪਾਂ ਵਾਂਙ ਨਕਲੀ ਅਕਾਲੀ ਪੰਥ ਦੇ ਸਭ ਤੋਂ ਖ਼ਤਰਨਾਕ ਤੇ ਦਗ਼ਾਬਾਜ਼ ਦੁਸ਼ਮਣ ਹਨ।

ਉਪਰੋਕਤ ਬਿਆਨੇ ਗਏ ਨਕਲੀ ਅਕਾਲੀਆਂ ਨੇ ਆਪਣੇ ਕੁਕਰਮਾਂ 'ਤੇ ਪਰਦਾ ਪਾਉਣ ਅਤੇ ਸਾਦੀ ਤੇ ਭੋਲ਼ੀ ਸਿੱਖ ਸੰਗਤ ਨੂੰ ਵਰਗਲਾਉਣ ਲਈ, ਖ਼ੁਦਗ਼ਰਜ਼, ਭ੍ਰਿਸ਼ਟ ਅਤੇ ਨਾਅਹਿਲ ਗ੍ਰੰਥੀਆਂ ਨੂੰ ਜਥੇਦਾਰ ਪ੍ਰਚਾਰਿਆ ਹੋਇਆ ਹੈ। ਨਾਂ ਇਹਨਾਂ ਦਾ ਕੋਈ ਜਥਾ ਹੈ ਤੇ ਨਾਂ ਇਹਨਾਂ ਵਿੱਚ ਜਥੇਦਾਰ ਕਹਾਉਣ ਦੀ ਕੋਈ ਖ਼ੂਬੀ, ਕਾਬਲੀਅਤ, ਆਚਰਣ, ਵਿੱਦਿਆ ਜਾਂ ਬੁੱਧੀ ਹੈ। ਪਿਛਲੇ ਦਸ ਬਾਰਾਂ ਸਾਲ ਵਿੱਚ ਪੰਥ ਦਾ ਸਭ ਤੋਂ ਵੱਧ ਨੁਕਸਾਨ ਇਹਨਾਂ ਨਕਲੀ ਅਕਾਲੀਆਂ ਦੇ ਥਾਪੇ ਹੋਏ ਭੇਖੀ ਜਥੇਦਾਰਾਂ ਨੇ ਕੀਤਾ ਹੈ।

ਅੰਗ੍ਰੇਜ਼ੀ ਰਾਜ ਦੇ ਸਮੇਂ ਤੋਂ ਇਹ ਪੁਜਾਰੀ ਕਿਸਮ ਦੇ ਗ੍ਰੰਥੀ ਪੰਥ ਦਰਦੀ ਗੁਰਸਿੱਖਾਂ ਦੇ ਵਿਰੁੱਧ ਅਤੇ ਹਾਕਮ ਸ਼੍ਰੇਣੀ ਦੇ ਸੇਵਾਦਾਰ ਰਹੇ ਹਨ। ਪ੍ਰੋਫ਼ੈਸਰ ਗੁਰਮੁਖ ਸਿੰਘ ਨੂੰ ਪੰਥ 'ਚੋਂ ਛੇਕਣਾ, ਜਨਰਲ ਡਾਇਰ ਨੂੰ ਸਨਮਾਨਣਾ, ਰੰਗਰੇਟਿਆਂ ਗੁਰੂ ਕੇ ਬੇਟਿਆਂ ਵਿਰੁੱਧ ਮਨੂੰਵਾਦੀਆਂ ਦੇ ਪ੍ਰਭਾਵ ਅਧੀਨ ਤੇ ਗੁਰੂ ਹੁਕਮਾਂ ਦੇ ਉਲਟ ਵਿਤਕਰਾ ਕਰਨਾ ਅਤੇ ਖ਼ਾਲਸਈ ਪਰੰਪਰਾਵਾਂ ਤੋਂ ਕੋਹਾਂ ਦੂਰ ਰਹਿਣਾ ਇਹਨਾਂ ਭੇਖੀਆਂ ਲਈ ਬੜੇ ਮਾਣ ਤੇ ਮਾਅਰਕੇ ਦੇ ਕਾਰਨਾਮੇ ਹਨ। ਨਕਲੀ ਅਕਾਲੀਆਂ ਨੂੰ ਜਦ ਵੀ ਉਹਨਾਂ ਦੇ ਕੁਕਰਮਾਂ ਕਰਕੇ ਕੋਈ ਭੀੜ ਬਣੀ, ਉਹਨਾਂ ਇਹਨਾਂ ਪੁਜਾਰੀਆਂ ਨੂੰ ਪੰਥ ਦੇ ਰੋਹ ਤੋਂ ਬਚਣ ਲਈ ਵਰਤਿਆ। ਸਿੱਖ ਧਰਮ ਵਿੱਚ ਵਰਤ ਜਾਂ ਆਤਮ ਹੱਤਿਆ ਨੂੰ ਪਰਵਾਨਗੀ ਨਹੀਂ। ਆਪਣੇ ਆਪ ਨੂੰ ਮਹਾਨ ਪੰਥਕ ਲੀਡਰ ਕਹਾਉਣ ਵਾਲਿਆਂ ਨੇ ਅਰਦਾਸ ਕਰ ਕੇ ਵਰਤ ਰੱਖੇ, ਅਗਨਕੁੰਡ ਬਣਵਾਏ ਪਰ ਮੌਤ ਤੋਂ

ਡਰਦਿਆਂ ਅਰਦਾਸ ਦੀ ਮਹਾਨਤਾ ਤੇ ਖ਼ਾਲਸਈ ਰਵਾਇਤਾਂ ਨੂੰ ਛਿੱਕੇ ਤੇ ਟੰਗ ਕੇ ਵਰਤ ਤੋੜ ਲਏ। ਉਹਨਾਂ ਨੂੰ ਅਜਿਹੇ ਬੱਜਰ ਗੁਨਾਹਾਂ ਕਰਕੇ ਸਿਆਸਤ ਛੱਡਣੀ ਤੇ ਪੰਥ ਤੋਂ ਮੁਆਫ਼ੀ ਮੰਗਣੀ ਚਾਹੀਦੀ ਸੀ। ਪੁਜਾਰੀ ਗੰ੍ਥੀਆਂ ਨੇ ਮਮੂਲੀ ਜਿਹੀ ਪੋਚਾ ਪਾਚੀ ਕਰ ਕੇ ਉਹਨਾਂ ਨੂੰ ਪੰਥ ਦੇ ਸਿਰ 'ਤੇ ਬਿਠਾਈ ਰੱਖਿਆ।

ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਨਕਲੀ ਅਕਾਲੀਆਂ ਦੀ ਮਿਲੀਭੁਗਤ ਨਾਲ ਹੋਇਆ। ਪੰਥ ਨੇ ਅਣਗਿਣਤ ਸ਼ਹੀਦੀਆਂ ਪਾਈਆਂ। ਡਰਾਮੇ ਦੇ ਮਿਥੇ ਹੋਏ ਰੋਲ ਅਨੁਸਾਰ ਸਰਕਾਰ ਆਪਣੇ ਨਕਲੀ ਅਕਾਲੀਆਂ ਨੂੰ ਹੱਥ ਖੜ੍ਹੇ ਕਰਵਾਉਣ ਦਾ ਡਰਾਮਾ ਕਰਕੇ ਇੰਝ ਲੈ ਗਈ ਜਿਵੇਂ ਮੱਖਣ 'ਚੋਂ ਵਾਲ ਕੱਢੀਦਾ ਹੈ। ਸਾਰੇ ਪੰਥ ਵਿੱਚ ਹਾਹਾਕਾਰ ਮੱਚੀ ਹੋਈ ਸੀ, ਸਿੱਖ ਹਿਰਦੇ ਵਲੂੰਧਰੇ ਪਏ ਸਨ ਪਰ ਨਕਲੀ ਅਕਾਲੀ ਅੰਦਰਖਾਤੇ ਆਪਣੇ ਜਾਤੀ ਹਿਤਾਂ ਦੀ ਪੂਰਤੀ ਲਈ ਰਾਜਸੀ ਸੌਦੇਬਾਜ਼ੀ ਕਰ ਰਹੇ ਸਨ। ਅਜਿਹੇ ਸਮੇਂ ਪੁਜਾਰੀ ਗੰ੍ਥੀਆਂ ਨੇ ਇਹਨਾਂ ਦੇ ਹੱਕ ਵਿੱਚ ਬਿਆਨ ਦਿੱਤੇ ਤੇ ਪੰਥ ਵਿੱਚ ਉਹਨਾਂ ਦੀ ਸਾਖ ਬਣੀ। ਸਰਕਾਰ ਤੇ ਨਕਲੀ ਅਕਾਲੀ ਚਿੰਤਤ ਹੋਏ। ਕਾਫ਼ੀ ਮਾਰ ਕੁਟਾਈ ਤੋਂ ਬਾਅਦ ਵੀ ਪੰਥ ਨਾਂ ਡਰਿਆ ਤੇ ਮਨੂੰਵਾਦੀਆਂ ਨੂੰ ਡਰ ਸੀ ਕਿ ਉਹ ਵੋਟਾਂ ਵਿੱਚ ਹਾਰ ਜਾਣਗੇ। ਸੋਚ ਵਿਚਾਰ ਤੋਂ ਬਾਅਦ ਉਹ ਇਸ ਸਿੱਟੇ 'ਤੇ ਪੁੱਜੇ ਕਿ ਆਪਣੀ ਸਰਕਾਰ ਬਣਾਉਣ ਦੀ ਬਜਾਏ ਆਪਣੇ ਏਜੰਟਾਂ ਦੀ ਸਰਕਾਰ ਬਣਾਈ ਜਾਏ ਤੇ ਉਹਨਾਂ ਕੋਲੋਂ ਸਿੱਖ ਸਿਧਾਂਤਾਂ, ਸਿੱਖ ਫਲਸਫੇ ਤੇ ਸਿੱਖ ਆਚਰਣ ਦਾ ਮਲੀਆਮੇਟ ਕਰਵਾਇਆ ਜਾਏ ਅਤੇ ਸਿੱਖਾਂ ਨੂੰ ਖ਼ੁਦਗ਼ਰਜ਼, ਆਚਰਣਹੀਣ ਤੇ ਨਸ਼ਈ ਬਣਾ ਦਿੱਤਾ ਜਾਏ। ਗੰ੍ਥੀਆਂ ਨੂੰ ਭੈ ਭੀਤ ਕਰਨ ਲਈ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਸ਼ਹੀਦ ਕੀਤਾ ਗਿਆ। ਅਕਾਲੀ ਦਲ ਅੰਮ੍ਰਿਤਸਰ ਤੇ ਹੋਰ ਅਜਿਹੇ ਦਲਾਂ ਨੂੰ ਖਤਮ ਕਰਨ ਲਈ ਅਕਾਲੀ ਏਕਤਾ ਦਾ ਡਰਾਮਾ ਰਚਿਆ ਗਿਆ। ਬਹੁਤ ਜ਼ਿਆਦਾ ਪਰੌਪੇਗੰਡੇ ਨਾਲ ਸਿੱਖਾਂ ਵਿੱਚ ਸਾਈਕੌਲੋਜੀ ਪੈਦਾ ਕੀਤੀ ਗਈ ਕਿ ਉਹਨਾਂ ਦਾ ਭਲਾ ਸਿਰਫ਼ ਇੱਕ ਅਕਾਲੀ ਦਲ ਬਣਾਉਣ ਵਿੱਚ ਹੀ ਹੈ। ਮੁੱਖ ਸੇਵਾਦਾਰ, ਅਕਾਲ ਤਖ਼ਤ ਤੋਂ, ਜੋ ਨਕਲੀ ਅਕਾਲੀਆਂ ਦਾ ਥਾਪਿਆ ਹੋਇਆ ਸੀ, ਇੱਕ ਅਕਾਲੀ ਦਲ ਬਣਾਉਣ ਦਾ ਹੁਕਮਨਾਮਾ ਜਾਰੀ ਕਰਵਾਇਆ ਗਿਆ। ਫਿਰ ਉਸ ਨੇ ਇੱਕ ਅਜਿਹੇ ਵਿਅਕਤੀ ਨੂੰ ਅਕਾਲੀ ਦਲ ਦਾ ਪ੍ਰਧਾਨ ਥਾਪ ਦਿੱਤਾ ਜੋ ਬਹੁਤ ਖ਼ੁਦਗ਼ਰਜ਼, ਖ਼ਾਲਸਈ ਫਲਸਫੇ ਤੇ ਜੀਵਨ ਜਾਚ ਤੋਂ ਕੋਹਾਂ ਦੂਰ, ਆਪਣੇ ਸੁਆਰਥ ਲਈ ਪੰਥ ਵਾਰਨ ਵਾਲਾ ਤੇ ਮਨੂੰਵਾਦਿਆਂ ਨਾਲ ਡੂੰਘੀ ਸਾਂਝ ਰੱਖਣ ਵਾਲਾ ਸੀ। ਭੋਲ਼ੇ ਭਾਲ਼ੇ ਸਿੱਖ ਸਾਜਿਸ਼ ਨੂੰ ਨਾ ਸਮਝ ਸਕੇ। ਇਸ ਤੋਂ ਬਾਅਦ ਅਕਾਲੀ ਦਲ ਅੰਮ੍ਰਿਤਸਰ ਨੂੰ ਗ੍ਰਹਿਣ ਲੱਗ ਗਿਆ। ਅਕਾਲੀ ਏਕਤਾ ਦੇ ਡਰਾਮੇ ਦੀ ਸਾਜ਼ਿਸ਼ ਦੀ ਸਮਝ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ, ਜੋ ਬਹੁਤ ਪੜ੍ਹੇ ਲਿਖੇ ਹਨ ਤੇ ਆਈ.ਪੀ.ਐਸ. ਅਫ਼ਸਰ ਰਹਿ ਚੁੱਕੇ ਹਨ, ਨੂੰ ਬਹੁਤ ਦੇਰ ਬਾਅਦ ਆਈ। ਇਹ ਉਹਨਾਂ ਦੇ ਰਾਜਸੀ ਜੀਵਨ ਦੀ ਸਭ ਤੋਂ ਵੱਡੀ ਭੁੱਲ ਹੈ ਤੇ ਇਸ ਦਾ ਕਾਰਣ ਉਹਨਾਂ ਦੇ ਦਿਲ ਵਿੱਚ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਲਈ ਅੰਨ੍ਹਾ ਵਿਸ਼ਵਾਸ ਹੈ। ਉਹ ਜ਼ਰਾ ਸੋਚਣ ਕਿ ਜਿਸ ਵਿਅਕਤੀ 'ਤੇ ਵਿਸ਼ਵਾਸ ਕਰ ਕੇ ਉਹਨਾਂ ਆਪਣੇ ਰਾਜਸੀ ਜੀਵਨ ਨੂੰ ਦਾਅ 'ਤੇ ਲਾ ਦਿੱਤਾ, ਉਸੇ ਮੁੱਖ ਸੇਵਾਦਾਰ ਨੂੰ ਅਕ੍ਰਿਤਘਣ ਨਕਲੀ ਅਕਾਲੀਆਂ ਨੇ ਮਗਰੋਂ ਉਹਨਾਂ ਦੇ ਇਸ਼ਾਰਿਆਂ 'ਤੇ ਨਾ ਚੱਲਣ ਕਰ ਕੇ ਭ੍ਰਿਸ਼ਟਾਚਾਰ ਦਾ ਦੋਸ਼ ਲਾ ਕੇ ਕੱਢ ਦਿੱਤਾ। ਇਸ ਤੋਂ ਬਾਅਦ ਬਣਨ ਵਾਲੇ ਮੁੱਖ ਸੇਵਾਦਾਰ ਨੇ ਪੰਥਕ ਹੁਕਮ ਦੀ ਉਲੰਘਣਾ ਕਰ ਕੇ ਪੰਥ ਦੋਖੀਆਂ ਨਾਲ ਸਾਂਝ ਪਾਉਣ ਵਾਲੇ ਨਕਲੀ ਅਕਾਲੀ ਲੀਡਰ ਨੂੰ ਆਪਣੇ ਸੁਆਰਥ ਖਾਤਰ ਅਹੁਦੇ ਦੀ ਦੁਰਵਰਤੋਂ ਕਰਦੇ ਹੋਏ ਦੋਸ਼ ਮੁਕਤ ਕੀਤਾ। ਫੇਰ ਸਰਕਾਰੀ ਏਜੰਸੀਆਂ ਦੇ ਸ਼ਿਕਾਰ ਹੋ ਕੇ, ਪੰਥ ਤੋਂ ਪ੍ਰਵਾਨਗੀ ਲਏ ਬਗੈਰ ਲੰਗਰ ਦਾ ਹੁਕਮਨਾਮਾ ਜਾਰੀ ਕਰ ਕੇ ਪੰਥ ਨੂੰ ਦੋਫ਼ਾੜ ਕੀਤਾ। ਨਕਲੀ ਅਕਾਲੀਆਂ ਦੀ ਆਪਣੇ ਸੁਆਰਥਾਂ ਖਾਤਰ ਹੋਈ ਲੜਾਈ ਵਿੱਚ ਇਸ ਦੀ ਇਸ ਤਰ੍ਹਾਂ ਛੁੱਟੀ ਕਰ ਦਿੱਤੀ ਗਈ ਜਿਵੇਂ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਦਾ ਦਰਜਾ ਸਾਧਾਰਨ ਕਲਰਕ ਤੋਂ ਵੀ ਨੀਵਾਂ ਹੋਵੇ। ਇਸ ਸਮੇਂ ਤੱਕ ਨਕਲੀ ਅਕਾਲੀ ਦਲ ਦਾ ਪ੍ਰਧਾਨ ਇੱਕ ਤਾਨਾਸ਼ਾਹ ਦਾ ਰੂਪ ਧਾਰਨ ਕਰ ਚੁੱਕਾ ਸੀ। ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਵੱਲੋਂ ਥਾਪੇ ਅਕਾਲੀ ਪ੍ਰਧਾਨ ਨੇ ਟਿਕਟਾਂ ਬੁੱਧੀਜੀਵੀਆਂ, ਪੰਥ ਦਰਦੀਆਂ, ਹੱਕ ਸੱਚ 'ਤੇ ਪਹਿਰਾ ਦੇਣ ਵਾਲਿਆਂ, ਗੁਰਮਤਿ ਦੇ ਧਾਰਨੀਆਂ ਅਤੇ ਸਿੱਖ ਕੌਮ ਨੂੰ ਚੜ੍ਹਦੀ ਕਲਾ ਵੱਲ ਲਿਜਾਣ ਵਾਲਿਆਂ ਨੂੰ ਨਹੀਂ ਦਿੱਤੀਆਂ ਸਨ ਬਲਕਿ ਉਹਨਾਂ ਨੂੰ ਦਿੱਤੀਆਂ ਜਿਨ੍ਹਾਂ ਵਿੱਚ ਅਤਿ ਦੀ ਖ਼ੁਦਗ਼ਰਜ਼ੀ ਸੀ ਅਤੇ ਜਿਹੜੇ ਸਿੱਖ ਸਿਧਾਂਤ ਦੇ ਲਾਗੇ ਨਾ ਲੱਗਣ, ਭੇਖੀ ਹੋਣ, ਸੁਆਰਥ ਲਈ ਧਰਮ ਦੀ ਪਰਵਾਹ ਨਾ ਕਰਨ ਅਤੇ ਪ੍ਰਧਾਨ ਅੱਗੇ ਚੂੰ ਚੀਂ ਕੀਤੇ ਬਗੈਰ ਹੁਕਮ ਸੁਣਨ ਲਈ ਹੱਥ ਜੋੜ ਕੇ ਤਿਆਰ ਰਹਿਣ ਅਤੇ ਭੁੱਲ ਕੇ ਵੀ ਪ੍ਰਧਾਨ ਦੀ ਇਜਾਜ਼ਤ ਤੋਂ ਬਗੈਰ ਇੱਕ ਲਫ਼ਜ਼ ਮੂੰਹੋਂ ਨਾ ਕੱਢਣ। ਇਸ ਪ੍ਰਧਾਨ ਨੇ ਝੂਠੇ ਵਾਇਦੇ ਕਰ ਕੇ ਪੰਥ ਤੋਂ ਰਾਜਸੀ ਸ਼ਕਤੀ ਪ੍ਰਾਪਤ ਕੀਤੀ, ਉਸ ਸ਼ਕਤੀ ਨੂੰ ਪੰਥ ਦੇ ਵਿਰੁੱਧ ਆਪਣੇ ਨਿੱਜੀ ਹਿਤਾਂ ਲਈ ਵਰਤਿਆ। ਇਸ ਮੱਕਾਰ ਤਾਨਾਸ਼ਾਹ ਨੇ ਸਿੱਖਾਂ ਤੋਂ ਇਹ ਕਹਿ ਕੇ ਰਾਜਸੀ ਸ਼ਕਤੀ ਪ੍ਰਾਪਤ ਕੀਤੀ ਸੀ ਕਿ ਉਹ ਸਿੱਖਾਂ ਨਾਲ ਹੋਈ ਬੇਇਨਸਾਫ਼ੀ ਤੇ ਧੱਕੇਸ਼ਾਹੀ ਵਿਰੁੱਧ ਕਮਿਸ਼ਨ ਬੈਠਾਏਗਾ ਪਰ ਉਹ ਸਾਫ਼ ਮੁੱਕਰ ਗਿਆ ਤੇ ਪੰਥ

ਵੱਲੋਂ ਬੈਠਾਏ ਕਮਿਸ਼ਨ ਨੂੰ ਵੀ ਖਤਮ ਕਰ ਦਿੱਤਾ। ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਵੱਲੋਂ ਥਾਪੇ ਪ੍ਰਧਾਨ ਤੇ ਉਸ ਦੇ ਸਾਥੀਆਂ ਨੇ ਮਨੂੰਵਾਦੀਆਂ ਨੂੰ ਖੁਸ਼ ਕਰਨ ਲਈ ਹਵਨ ਕਰਵਾਉਣੇ, ਮੁਕਟ ਲਗਵਾਉਣੇ ਤੇ ਰਾਮਾਇਣ ਦੇ ਪਾਠ ਕਰਵਾਉਣੇ ਸ਼ੁਰੂ ਕਰ ਦਿੱਤੇ ਅਤੇ ਸਿੱਖ ਸੰਸਥਾਵਾਂ ਨੂੰ ਤਬਾਹ ਤੇ ਨਕਾਰਾ ਕਰਨਾ ਸ਼ੁਰੂ ਕਰ ਦਿੱਤਾ। ਤਾਨਾਸ਼ਾਹ ਨੇ ਇੱਕ ਹੋਰ ਪੁਜਾਰੀ ਅਕਾਲ ਤਖ਼ਤ ਦਾ ਮੁੱਖ ਸੇਵਾਦਾਰ ਥਾਪਿਆ ਜਿਸ ਨੇ ਮਨੂੰਵਾਦੀਆਂ ਨੂੰ ਖੁਸ਼ ਕਰਨ ਤੇ ਸਿੱਖ ਧਰਮ ਦੀਆਂ ਜੜ੍ਹਾਂ ਖੋਖਲੀਆਂ ਕਰਨ ਲਈ ਇਹ ਕਹਿ ਕੇ ਗੁਰੂ ਸਾਹਿਬਾਨ ਦੀ ਤੌਹੀਨ ਕੀਤੀ ਕਿ ਉਹ ਮਨੋਕਲਪਿਤ ਲਵ ਕੁਸ਼ ਦੀ ਅੰਸ਼ ਹਨ। ਬਹੁਤ ਘੱਟ ਸਮਝ ਤੇ ਗਿਆਨ ਦਾ ਮਾਲਕ ਹੋਣ ਕਰਕੇ ਉਹ ਆਪਹੁਦਰਾ ਹੋ ਗਿਆ ਤੇ ਪੰਥ ਤੋਂ ਪਰਵਾਨਗੀ ਲਏ ਬਗੈਰ ਆਪਣੇ ਹੁਕਮਨਾਮੇ ਕੱਢਣ ਲੱਗ ਪਿਆ। ਜਦ ਨਕਲੀ ਅਕਾਲੀਆਂ ਵੇਖਿਆ ਕਿ ਉਹ ਉਹਨਾਂ ਦੀ ਪਰਵਾਹ ਕੀਤੇ ਬਗੈਰ ਆਪਣੀ ਮਰਜ਼ੀ ਦੇ ਹੁਕਮਨਾਮੇ ਕੱਢ ਰਿਹਾ ਹੈ ਤਾਂ ਉਸ ਦੀ ਬਰਖ਼ਾਸਤਗੀ ਕਰ ਦਿੱਤੀ। ਤਾਨਾਸ਼ਾਹ ਨੇ ਇਸ ਤੋਂ ਬਾਅਦ ਉਸ ਵਿਅਕਤੀ ਨੂੰ ਅਕਾਲ ਤਖ਼ਤ ਦਾ ਮੁੱਖ ਸੇਵਾਦਾਰ ਬਣਾਇਆ ਜਿਸ ਦੀ ਉਸ ਕੋਲ ਆਰ.ਐਸ.ਐਸ. ਵੱਲੋਂ ਪਹਿਲਾਂ ਹੀ ਸਿਫ਼ਾਰਸ਼ ਸੀ ਕਿਉਂਕਿ ਉਸ ਨੇ ਗੁਰੂ ਨਿੰਦਕ ਤੇ ਗੁਰਮਤਿ ਵਿਰੋਧੀ 'ਗੁਰਬਿਲਾਸ ਪਾਤਸ਼ਾਹੀ ੬' ਸੰਪਾਦਨ ਕੀਤੀ ਸੀ ਅਤੇ ਇਹ ਕਿਤਾਬ ਸਿੱਖ ਧਰਮ ਨੂੰ ਮਨੂੰਵਾਦ ਦੇ ਖਾਰੇ ਸਾਗਰ ਵਿੱਚ ਸੁੱਟਦੀ ਹੈ। ਖ਼ਾਲਸੇ ਨੇ ਪੌਣੀ ਸਦੀ ਪਹਿਲਾਂ ਇਸ ਕਿਤਾਬ ਦੇ ਪ੍ਰਚਾਰ 'ਤੇ ਪਾਬੰਦੀ ਲਾਈ ਸੀ। ਤਕਰੀਬਨ ਸਾਰੇ ਨਕਲੀ ਅਕਾਲੀ ਲੀਡਰਾਂ, ਗ੍ਰੰਥੀਆਂ ਅਤੇ ਧਰਮ ਪ੍ਰਚਾਰ ਕਮੇਟੀ ਨੇ ਇਸ ਕਿਤਾਬ ਦੀ ਸ਼ਲਾਘਾ ਕੀਤੀ। ਇਸ ਕਿਤਾਬ ਨੂੰ ਛਾਪਣ ਦਾ ਖਰਚ ਗੁਰੂ ਦੀ ਗੋਲਕ 'ਚੋਂ ਕੀਤਾ ਗਿਆ ਤੇ ਤਾਨਾਸ਼ਾਹ ਨੇ ਖ਼ਾਲਸੇ ਦੀ ਤੀਜੀ ਸ਼ਤਾਬਦੀ ਦੇ ਮੌਕੇ ਪੰਥ ਨੂੰ ਤੋਹਫ਼ੇ ਵਜੋਂ ਦਿੱਤੀ। ਇੱਕ ਨਿਸ਼ਕਾਮ ਸਿੱਖ ਵਿਦਵਾਨ ਨੇ ਜਦ ਇਸ ਕਿਤਾਬ ਬਾਰੇ ਪੰਥ ਨੂੰ ਚਾਨਣਾ ਪਾਇਆ ਤਾਂ ਇਸ ਕਿਤਾਬ 'ਤੇ ਪਾਬੰਦੀ ਲਾ ਕੇ ਵਾਪਸ ਲੈ ਲਈ ਗਈ। ਮਨੂੰਵਾਦੀਆਂ ਦੀ ਸ਼ਹਿ 'ਤੇ ਨਕਲੀ ਅਕਾਲੀ, ਚਾਪਲੂਸ ਵਿਦਵਾਨ ਤੇ ਖ਼ੁਦਗ਼ਰਜ਼ ਗ੍ਰੰਥੀ ਹੱਕ ਸੱਚ 'ਤੇ ਪਹਿਰਾ ਦੇਣ ਵਾਲੇ ਵਿਦਵਾਨ ਦੇ ਪਿੱਛੇ ਪੈ ਗਏ ਤੇ ਝੂਠੇ ਦੋਸ਼ ਲਾ ਕੇ ਪ੍ਰੋ. ਗੁਰਮੁਖ ਸਿੰਘ ਵਾਂਗ ਉਸ ਨੂੰ ਪੰਥ 'ਚੋਂ ਛੇਕ ਦਿੱਤਾ। ਹਾਲਾਤ ਇਹ ਮੰਗ ਕਰਦੇ ਹਨ ਕਿ ਖ਼ਾਲਸੇ ਨੇ ਅਕਾਲ ਤਖ਼ਤ ਅੱਗੇ ਸਿਰ ਨਿਵਾਉਣਾ ਹੈ, ਪੂਰਾ ਸਤਿਕਾਰ ਕਰਨਾ ਹੈ ਪਰ ਨਕਲੀ ਅਕਾਲੀਆਂ ਵੱਲੋਂ ਆਪਣੇ ਸੁਆਰਥ ਦੀ ਪੂਰਤੀ ਲਈ ਥਾਪੇ ਗਏ ਖ਼ੁਦਗ਼ਰਜ਼ ਤੇ ਨਾਅਹਿਲ ਪੁਜਾਰੀਆਂ ਦੇ ਆਪ ਹੁਦਰੇ ਤੇ ਮੱਕਾਰ ਸਿਆਸੀ ਲੋਕਾਂ ਦੇ ਸੁਆਰਥ ਲਈ ਦਿੱਤੇ ਆਦੇਸ਼ਾਂ ਦੀ ਪਾਲਣਾ ਨਹੀਂ ਕਰਨੀ। ਦਰਅਸਲ ਅਕਾਲ ਤਖ਼ਤ ਦਾ ਮੁੱਖ ਸੇਵਾਦਾਰ ਗੁਰੂ ਪੰਥ ਦੀ ਚੜ੍ਹਦੀ ਕਲਾ ਲਈ ਤਿਆਰ ਕੀਤੇ ਖਰੜੇ ਨੂੰ ਪੰਥ ਵਿੱਚ ਐਲਾਨਣ ਤੇ ਲਾਗੂ ਕਰਵਾਉਣ ਦੀ ਸੇਵਾ ਵਾਸਤੇ ਹੈ। ਆਦੇਸ਼ ਦੇਣ ਦਾ ਹੱਕ ਗੁਰੂ ਖ਼ਾਲਸੇ ਨੂੰ ਹੈ ਨਾ ਕਿ ਖ਼ੁਦਗ਼ਰਜ਼ ਤੇ ਭੇਖੀ ਪੁਜਾਰੀਆਂ ਨੂੰ। ਇਤਿਹਾਸ ਗਵਾਹ ਹੈ ਕਿ ਪੁਜਾਰੀਆਂ ਨੇ ਆਪਣੀ ਲਾਲਸਾ ਲਈ ਥੜੇ ਧਰਮਾਂ ਦੀ ਤਬਾਹੀ ਕੀਤੀ। ਸਿੱਖ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉੱਚੇ ਆਚਰਣ ਦੇ ਮਾਲਕ, ਨਿਸ਼ਕਾਮ ਸੇਵਾਦਾਰ ਖ਼ਾਲਸੇ ਨੇ ਸਦਾ ਪੰਥ ਨੂੰ ਚਾਰ ਚੰਦ ਲਾਏ ਪਰ ਪੁਜਾਰੀਆਂ ਦੀ ਮਾਇਆ ਦੀ ਲਾਲਸਾ ਨੇ ਗ਼ਲਤ ਪ੍ਰਚਾਰ ਕੀਤਾ, ਬਾਣੀ ਵੇਚੀ, ਨਿਸ਼ਕਾਮ ਸੇਵਾ ਦੇ ਮਾਦੇ ਨੂੰ ਕਮਜ਼ੋਰ ਕੀਤਾ, ਸਿੱਖਾਂ ਨੂੰ ਕੁਰਾਹੇ ਪਾਇਆ, ਪੰਥ ਵਿੱਚ ਚੜ੍ਹਦੀ ਕਲਾ ਦੀ ਬਜਾਏ ਨਿਘਾਰ ਲਿਆਂਦਾ ਅਤੇ ਸਿਆਸਤਦਾਨਾਂ ਨੂੰ ਪੰਥ ਦੇ ਸਿਰ 'ਤੇ ਬੈਠਾਇਆ।

ਹੁਣ ਪਾਠਕ ਹੀ ਫ਼ੈਸਲਾ ਕਰਨ ਕਿ ਉਹ ਜਥੇਦਾਰ ਕਿਵੇਂ ਹਨ ਜਿਨ੍ਹਾਂ ਦਾ ਨਾ ਤਾਂ ਕੋਈ ਜਥਾ ਹੈ, ਨਾ ਖ਼ਾਲਸਈ ਆਚਰਣ, ਨਾ ਸੇਵਾ ਸਿਮਰਨ ਵਿੱਚ ਵਿਸ਼ਵਾਸ, ਨਾ ਹੱਕ ਸੱਚ 'ਤੇ ਪਹਿਰਾ ਦੇਣ ਦਾ ਦਾਈਆ, ਨਾ ਰੂਹਾਨੀ ਤੇ ਦੁਨਿਆਵੀ ਜੀਵਨ ਦਾ ਉੱਚ ਕੋਟੀ ਦਾ ਗਿਆਨ? ਸਿਰਫ਼ ਭੇਖ ਤੇ ਚਾਪਲੂਸੀ ਉਹਨਾਂ ਦੇ ਪੱਲੇ ਹੈ। ਅਜਿਹੇ ਵਿਅਕਤੀ ਕਦੇ ਭਾਈ ਮਨੀ ਸਿੰਘ ਜਾਂ ਅਕਾਲੀ ਫੂਲਾ ਸਿੰਘ ਦੇ ਵਾਰਸ ਨਹੀਂ ਹੋ ਸਕਦੇ।

ooooo

## ਸਿੱਖੀ ਵਿਰੋਧੀ ਸਾਜ਼ਿਸ਼ਾਂ ਦੀਆਂ ਕੁਝ ਕੜੀਆਂ

(ਪੰਥ ਦਰਦੀ ਪ੍ਰੋ. ਦਲੀਪ ਸਿੰਘ ਬੰਬਈ ਦੇ ਪੱਤਰ 'ਚੋਂ)

ਆਪ ਜੀ ਬਹੁਤ ਮਹਾਨ ਤੇ ਬਹੁਤ ਅਹਿਮ ਜੱਦੋ-ਜਹਿਦ ਵਿੱਚ ਰੁੱਝ ਗਏ ਹੋ। ਇਹ ਜੱਦੋ-ਜਹਿਦ ਬੜਾ ਚਿਰ ਪਹਿਲਾਂ ਹੀ ਸ਼ੁਰੂ ਹੋ ਜਾਣੀ ਚਾਹੀਦੀ ਸੀ। ਗੁਰੂ ਨੇ ਚੰਗਾ ਕੀਤਾ ਕਿ ਆਪ ਜੀ ਸਭ ਨੂੰ ਸੋਝੀ ਦਿੱਤੀ ਤੇ ਆਪ ਜੀ ਸਭ ਇਸ ਮਹਾਨ ਕਾਰਜ ਵਿੱਚ ਲੱਗ ਗਏ। ਇਸ ਸਬੰਧ ਵਿੱਚ ਜੋ ਮੇਰਾ ਅਧਿਅਨ ਹੈ, ਆਪ ਜੀ ਰਾਹੀਂ ਪਾਠਕਾਂ ਨਾਲ ਸਾਂਝਾ ਕਰਨ ਦੀ ਖ਼ੁੱਲ੍ਹ ਲੈ ਰਿਹਾ ਹਾਂ।

1846 ਈਸਵੀ ਦੀ ਮੁਦਕੀ ਦੀ ਲੜਾਈ ਪਿੱਛੋਂ ਅੰਗਰੇਜ਼ਾਂ ਨੇ ਸਿੱਖਾਂ ਨੂੰ ਹਰ ਪੱਖੋਂ ਕਮਜ਼ੋਰ ਕਰਨ ਦਾ ਪ੍ਰੋਗਰਾਮ ਬਣਾਇਆ ਸੀ ਤੇ 1846 ਦੇ ਬਾਅਦ ਅਗਰੇਜ਼ਾਂ ਤੇ ਕ੍ਰਿਸਚਨ ਮਿਸ਼ਨ ਲੁਧਿਆਣਾ ਨੇ ਮਿਲ ਕੇ ਸਾਜ਼ਿਸ਼ ਬਣਾਈ ਜਿਸ ਦੇ ਤਿੰਨ ਮੁੱਖ ਟੀਚੇ ਸਨਃ

1. ਗੁਰੂ ਨਾਨਕ ਸਾਹਿਬ ਜੀ ਦੀ ਪ੍ਰਭੁਤਾ ਨੂੰ ਖਤਮ ਕਰਨਾ ਜਾਂ ਉਹਨਾਂ ਨੂੰ ਛੁਟਿਆਉਣਾ।
2. ਗੁਰੂ ਗ੍ਰੰਥ ਸਾਹਿਬ ਦੀ ਮਹੱਤਤਾ ਨੂੰ ਘਟਾਉਣਾ ਤੇ ਛੁਟਿਆਉਣਾ।
3. ਗੁਰੂ ਗੋਬਿੰਦ ਸਿੰਘ ਜੀ ਨੂੰ ਛੁਟਿਆਣਾ ਤੇ ਸਿੱਖ ਲਹਿਰ ਨਾਲੋਂ ਵੱਖਰਾ ਪ੍ਰਗਟਾਉਣਾ।

ਪਹਿਲੇ ਨੁਕਤੇ ਅਧੀਨ ਗੁਰੂ ਨਾਨਕ ਦੇਵ ਜੀ ਦਾ ਜਨਮ ਜੋ ਕਿ ਨਨਕਾਣਾ ਸਾਹਿਬ ਵਿਖੇ 1870-80 ਈਸਵੀ ਤੱਕ ਵੈਸਾਖ ਵਿੱਚ ਮਨਾਇਆ ਜਾਂਦਾ ਸੀ, ਉਸ ਨੂੰ ਕੱਤਕ ਵਿੱਚ ਮਨਾਉਣਾ ਸ਼ੁਰੂ ਕਰਵਾਇਆ। ਜਦੋਂ 60 ਕੁ ਸਾਲ ਪਹਿਲਾਂ ਸ੍. ਕਰਮ ਸਿੰਘ ਹਿਸਟੋਰੀਅਨ ਦੀ ਕਿਤਾਬ 'ਕੱਤਕ ਕਿ ਵੈਸਾਖ' ਪੜ੍ਹੀ ਸੀ ਤਾਂ ਸਮਝ ਨਹੀਂ ਸੀ। ਪਰ ਅੱਜ ਇਹ ਗੱਲ ਪ੍ਰਤੱਖ ਹੈ ਕਿ ਇਹ ਬੜੀ ਡੂੰਘੀ ਸਾਜ਼ਿਸ਼ ਦਾ ਹਿੱਸਾ ਸੀ। ਸੁਆਮੀ ਦਯਾਨੰਦ ਨੇ ਅੰਗਰੇਜ਼ਾਂ ਦੇ ਇਸ਼ਾਰੇ 'ਤੇ ਹੀ ਗੁਰੂ ਨਾਨਕ ਸਾਹਿਬ ਜੀ ਦੇ ਖ਼ਿਲਾਫ਼ ਲਿਖਿਆ ਸੀ।

ਦੂਜਾ, ਗੁਰੂ ਗ੍ਰੰਥ ਸਾਹਿਬ ਜੀ ਨੂੰ ਛੁਟਿਆਉਣ ਸਬੰਧੀ ਅੰਗਰੇਜ਼ਾਂ ਨੇ ਡਾਕਟਰ ਟ੍ਰੰਪ ਨੂੰ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਲਈ ਨਿਯੁਕਤ ਕੀਤਾ ਤੇ ਉਸ ਨੇ ਬਹੁਤ ਹੀ ਗ਼ਲਤ ਗੱਲਾਂ ਲਿਖੀਆਂ। ਭਾਵੇਂ ਸਮੇਂ ਦੇ ਸਾਰੇ ਆਗੂ ਅੰਗਰੇਜ਼ਾਂ ਦੀ ਮੁੱਠੀ ਵਿੱਚ ਸਨ ਪਰ ਇਸ ਦੇ ਬਾਵਜੂਦ ਉਹਨਾਂ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਪ੍ਰੋਟੈਸਟ ਕੀਤਾ ਤੇ ਕਾਫ਼ੀ ਰੌਲਾ ਮੱਚਿਆ। ਇਸ ਸਬੰਧ ਵਿੱਚ ਇੱਕ ਹੋਰ ਗੱਲ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਅੰਗਰੇਜ਼ਾਂ ਨੇ ਇਸ ਤੋਂ ਪਹਿਲਾਂ ਵੇਦਾਂ ਨੂੰ ਛੁਟਿਆਉਣ ਜਾਂ ਡਿਸਟੌਰਟ ਕਰਨ ਲਈ ਸ੍ਰੀ ਮੈਕਸਮੂਲਰ ਨੂੰ ਨਿਯੁਕਤ ਕੀਤਾ ਸੀ ਤੇ ਉਸ ਨੇ ਵੇਦਾਂ ਦੇ ਟੀਕੇ ਕੀਤੇ। ਮੈਕਸਮੂਲਰ ਦਾ ਆਪਣੇ ਇੱਕ ਰਿਸ਼ਤੇਦਾਰ ਨੂੰ ਲਿਖਿਆ ਪੱਤਰ ਬੰਬਈ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿੱਚ ਹੈ ਜਿਸ ਵਿੱਚ ਉਸ ਨੇ ਲਿਖਿਆ ਕਿ 'ਮੈ ਵੇਦਾਂ ਦੇ ਟੀਕੇ ਵੇਦਾਂ ਨੂੰ ਗ਼ਲਤ ਪੇਸ਼ ਕਰਨ ਵਾਸਤੇ ਕਰ ਰਿਹਾ ਹਾਂ'। ਇਹ ਗੱਲ ਬੰਬਈ ਯੂਨੀਵਰਸਿਟੀ ਦੇ ਲਾਇਬ੍ਰੇਰੀਅਨ ਮਿਸਟਰ ਟਿਕੇਕਰ ਨੇ ਦੱਸੀ ਸੀ। ਭੰਡਾਰਕਰ ਇਸਟੀਚਿਊਟ ਪੂਨੇ ਵਾਲਿਆਂ ਨੇ ਉਸ ਤੋਂ ਇਸ ਪੱਤਰ ਸਬੰਧੀ ਪੁੱਛ ਕੀਤੀ ਸੀ ਤੇ ਟਿਕੇਕਰ ਜੀ ਨੇ ਇਸ ਪੱਤਰ ਦੀ ਇੱਕ ਕਾਪੀ ਉਹਨਾਂ ਨੂੰ ਭੇਜੀ ਸੀ। ਇਹ ਗੱਲ 1995-96 ਦੀ ਹੈ।

ਤੀਜਾ, ਦਸਮ ਪਾਤਸ਼ਾਹ ਸਬੰਧੀ ਗ਼ਲਤ ਪ੍ਰਚਾਰ ਦਾ ਮੁੱਢ 1850 ਈਸਵੀ ਜਾਂ ਉਸ ਤੋਂ ਥੋੜ੍ਹਾ ਪਹਿਲਾਂ ਤੋਂ ਸ਼ੁਰੂ ਹੋਇਆ ਜਾਪਦਾ ਹੈ ਕਿ ਕਿਉਂਕਿ "ਸ੍ਰੀ ਭਗੌਤੀ ਜੀ ਸਹਾਇ" ਕਦੇ ਵੀ ਇਸ ਤੋਂ ਪਹਿਲਾਂ ਨਹੀਂ ਵਰਤਿਆ ਗਿਆ। ਇਸ ਮਸਲੇ 'ਤੇ ਸ੍. ਜੋਗਿੰਦਰ ਸਿੰਘ ਵੇਦਾਂਤੀ ਜੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨਾਲ ਬੰਬਈ ਵਿੱਚ ਬੜੀ ਡੂੰਘੀ ਵਿਚਾਰ ਕੀਤੀ ਸੀ। ਵੇਦਾਂਤੀ ਜੀ ਮੇਰੀਆਂ ਗੱਲਾਂ ਦਾ ਪੂਰਾ ਜਵਾਬ ਨਹੀਂ ਦੇ ਸਕੇ ਸਨ। ਮੈਂ ਉਹਨਾਂ ਦੀ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦੀ ਤਾਰੀਖ 1775 ਬਿਕਰਮੀ ਨੂੰ ਇਸ ਆਧਾਰ 'ਤੇ ਹੀ ਖੰਡਤ ਕੀਤਾ ਸੀ ਤੇ ਨਾਲ ਹੀ ਇਹ ਵੀ ਦਰਸਾਇਆ ਸੀ ਕਿ ਭਾਈ ਮਨੀ ਸਿੰਘ ਜੀ ਦੀ ਉਸ ਗ੍ਰੰਥ ਦੀ ਕਥਾ ਕਰਨ ਵਾਲੀ ਗੱਲ ਵੀ ਠੀਕ ਨਹੀਂ। ਇਹ ਗ਼ਲਤ ਹੈ ਕਿ ਭਾਈ ਮਨੀ ਸਿੰਘ ਜੀ ਉਸ ਗ੍ਰੰਥ ਦੀ ਕਥਾ ਕਰਦੇ ਸਨ। ਵੇਦਾਂਤੀ ਜੀ ਇਸ ਗੱਲ ਦਾ ਜੁਆਬ ਨਹੀਂ ਦੇ ਸਕੇ ਸਨ। "ਸ੍ਰੀ ਭਗੌਤੀ ਜੀ ਸਹਾਇ" ਤੇ "ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ਦਸਵੀਂ" ਪੜ੍ਹਨਾ ਨਿਰਾ ਗ਼ਲਤ ਹੀ ਨਹੀਂ, ਸਗੋਂ ਬਹੁਤ ਵੱਡਾ ਪਾਪ ਹੈ। ਅਸੀਂ ਅਕਾਲ ਪੁਰਖ ਦੇ ਪੁਜਾਰੀ ਹਾਂ, ਦੇਵੀ ਦੇ ਨਹੀਂ। ਜਿਹੜੀ ਪਹਿਲੀ ਪਉੜੀ ਭਗੌਤੀ ਦੀ ਵਾਰ ਦੇ ਸ਼ੁਰੂ ਵਿੱਚ ਲਿਖੀ ਗਈ ਹੈ ਉਸ ਦਾ ਮੰਤਵ ਗੁਰੂ ਸਾਹਿਬਾਨ ਨੂੰ ਛੁਟਿਆਉਣਾ ਸੀ ਤੇ ਇਸ ਨੂੰ ਕਿਸੇ ਸਾਕਤ ਲਿਖਾਰੀ ਨੇ ਲਿਖਿਆ ਸੀ। ਬਦਕਿਸਮਤੀ ਨਾਲ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਬੁੰਗੇ ਦੇ ਪੁਜਾਰੀਆਂ ਨੇ ਤੇ ਸ਼ਾਇਦ ਨਾਂਦੇੜ ਤੇ ਪਟਨਾ ਸਾਹਿਬ ਦੇ ਪੁਜਾਰੀਆਂ ਨੇ ਇਸ ਨੂੰ ਨਿਤ ਦੀ ਅਰਦਾਸ ਦਾ ਹਿੱਸਾ ਬਣਾ ਕੇ ਆਪਣੀ ਬ੍ਰਾਹਮਣੀ ਮੱਤ ਤੇ ਸੋਚ ਦਾ ਪ੍ਰਗਟਾਵਾ ਕੀਤਾ ਸੀ। ਇਹ ਸ਼ਾਇਦ 1840 ਦੇ ਇਰਦ-ਗਿਰਦ ਹੋਇਆ ਜਾਪਦਾ ਹੈ। ਇਸੇ ਵਾਰ ਦੀ ਦੂਜੀ ਪਉੜੀ— "ਪ੍ਰਿਥਮੇ ਖੰਡਾ ਸਾਜ ਕੇ ਜਿਨ ਸਭ ਸੰਸਾਰ ਉਪਾਇਆ"— ਸ੍ਰੀ ਜਪੁਜੀ ਸਾਹਿਬ ਤੇ ਮਾਰੂ ਰਾਗ ਵਿਚਲੇ ਸੋਹਿਲੇ ਗੁਰੂ ਨਾਨਕ ਸਾਹਿਬ ਤੇ ਗੁਰੂ ਅਰਜਨ ਦੇਵ ਜੀ ਦੇ ਵਿਚਾਰਾਂ ਦਾ ਸਿੱਧਾ ਖੰਡਨ ਕਰਦੀ ਹੈ।

ਵੇਦਾਂਤੀ ਜੀ ਨੂੰ ਬੇਨਤੀ ਕੀਤੀ ਸੀ ਕਿ ਦੱਸੋ 1850 ਈਸਵੀ ਤੋਂ ਪਹਿਲਾਂ ਕਿਹੜੀ ਅਰਦਾਸ ਪੜ੍ਹੀ ਜਾਂਦੀ ਸੀ। ਉਹਨਾਂ ਦਾ ਜੁਆਬ ਸੀ ਕਿ ਉਹ ਅਰਦਾਸ ਤੁਹਾਨੂੰ ਨਹੀਂ ਮਿਲ ਸਕਦੀ।

ਮੈਂ ਬੇਨਤੀ ਕਰਨਾ ਚਾਹੁਦਾ ਹਾਂ ਕਿ ਤੁਸੀਂ ਯਤਨ ਕਰ ਕੇ ਲੱਭੋ ਕਿ ਦਰਬਾਰ ਸਾਹਿਬ ਵਿੱਚ ਮੇਵੜੇ ਜਾਂ ਦੂਜੇ ਅਰਦਾਸੀਏ ਕਿਹੜੀ ਅਰਦਾਸ ਕਰਦੇ ਸਨ। ਇਹ ਬਹੁਤ ਜ਼ਰੂਰੀ ਹੈ। ਇਸ ਸਬੰਧ ਵਿੱਚ ਸਭ ਤੋਂ ਦੁੱਖ ਦੀ ਗੱਲ ਹੈ ਕਿ ਚੀਫ਼ ਖ਼ਾਲਸਾ ਦੀਵਾਨ ਵਾਲੇ ਸਰਕਾਰੀ ਏਜੰਟਾਂ ਨੇ ਬਚਿੱਤਰ ਨਾਟਕ ਵਾਲੀ ਕਹਾਣੀ ਪ੍ਰਚੱਲਤ ਕਰ ਕੇ ਪੰਥ ਨਾਲ ਧ੍ਰੋਹ ਕੀਤਾ ਹੈ। ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਲਹਿਰ ਨਾਲੋਂ ਵੱਖ ਕੀਤਾ ਹੈ। ਉਹਨਾਂ ਦੀ ਜ਼ਿੰਮੇਵਾਰੀ ਸੀ ਕਿ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨ

ਲਈ ਸਿੱਖਾਂ ਨੂੰ ਦਰਬਾਰ ਸਾਹਿਬ ਲੈ ਜਾਂਦੇ ਪਰ ਉਹ ਸਿੱਖਾਂ ਨੂੰ ਅਖੌਤੀ ਹੇਮਕੁੰਟ ਲੈ ਚੜ੍ਹੇ। ਪਤਾ ਨਹੀਂ ਕਦੋਂ ਇਹ ਪਰਪੰਚ ਤੇ ਪਖੰਡ ਖਤਮ ਹੋਏਗਾ।

ਪੰਥ ਵਿੱਚ ਭਾਈ ਵੀਰ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਨਾਲ ਕਿਸੇ ਦੂਜੇ ਭਾਈ ਗੁਰਦਾਸ ਦੀ ਵਾਰ ਨੂੰ ਛਾਪਣ ਦਾ ਪਾਪ ਕੀਤਾ ਸੀ ਤੇ "ਗੁਰ ਸਿਮਰ ਮਨਾਈ ਕਾਲਕਾ" ਪੰਥ ਵਿੱਚ ਪ੍ਰਚੱਲਤ ਹੋਇਆ। ਮਜ਼ੇ ਦੀ ਗੱਲ ਹੈ ਕਿ ਭਾਈ ਵੀਰ ਸਿੰਘ ਸਦਨ (ਦਿੱਲੀ) ਨੇ ਜੋ ਉਸ ਵਾਰ ਦੀ ਨਵੀਂ ਕਾਪੀ ਛਾਪੀ ਹੈ ਉਸ ਵਿੱਚ ਹੁਣ ਪਾਠ "ਗੁਰ ਸਿਮਰ ਮਨਾਈ ਕਾਲਕਾ" ਦੀ ਬਜਾਇ "ਗੁਰ ਦਾਸ ਮਨਾਈ ਕਾਲਕਾ" ਕੀਤਾ ਹੈ। ਕਿਸੇ ਨੂੰ ਅਜਿਹੀਆਂ ਗੱਲਾਂ ਦਾ ਪ੍ਰਚਾਰ ਕਰਨ ਦਾ ਕੀ ਹੱਕ ਹੈ, ਸ਼ਾਇਦ ਕਦੇ ਪੰਥ ਵੀਚਾਰ ਕਰ ਸਕੇ।

ਇਸ ਸਾਰੀ ਸਾਜ਼ਿਸ਼ ਵਿੱਚ ਸ੍ਰੀ ਦਰਬਾਰ ਸਾਹਿਬ ਜੀ ਤੇ ਸ੍ਰੀ ਅਕਾਲ ਬੁੰਗੇ ਦੇ ਪੁਜਾਰੀਆਂ ਦੀ ਭੂਮਿਕਾ ਬੜੀ ਸ਼ੰਕਾਜਨਕ ਰਹੀ ਹੈ। ਸ਼ਾਇਦ ਪਟਨਾ ਸਾਹਿਬ ਤੇ ਨਾਂਦੇੜ ਸਾਹਿਬ ਦੇ ਪੁਜਾਰੀਆਂ ਦਾ ਵੀ ਜ਼ਰੂਰ ਹਿੱਸਾ ਹੋਵੇਗਾ। ਸ੍ਰੀ ਦਰਬਾਰ ਸਾਹਿਬ ਤੇ ਅਕਾਲ ਬੁੰਗੇ ਦੇ ਪੁਜਾਰੀਆਂ ਨੂੰ ਇਸ ਮਾੜੀ ਕਰਤੂਤ ਬਦਲੇ ਅੰਗਰੇਜ਼ਾਂ ਨੇ 1859 ਈਸਵੀ ਵਿੱਚ ਨਵਾਂ ਦਸਤੂਰ-ਉਲ-ਅਮਾਲ ਬਣਾ ਕੇ (ਰੋਜ਼ਾਨਾ ਮਰਯਾਦਾ ਨੂੰ ਦਸਤਾਵੇਜ਼ੀ ਰੂਪ ਦੇ ਕੇ) ਸਿੱਖ ਸਿਧਾਂਤਾਂ ਦੇ ਘਾਣ ਲਈ ਬਹੁਤ ਵੱਡਾ ਸਾਧਨ ਮੁਹੱਈਆ ਕੀਤਾ। 'ਪੰਜਾਬ: ਪਾਸਟ ਐਂਡ ਪਰੈਜ਼ੈਂਟ' ਵਿੱਚ ਛਪੇ ਲੇਖ 'ਦਰਬਾਰ ਸਾਹਿਬ 'ਤੇ ਅੰਗਰੇਜ਼ਾਂ ਦਾ ਕਬਜ਼ਾ' ਬੜਾ ਡੂੰਘਾ ਅਧਿਅਨ ਮੰਗਦਾ ਹੈ। ਚੰਗਾ ਹੋਵੇ ਕਿ ਆਪ ਜੀ ਅਤੇ ਆਪ ਜੀ ਦੇ ਸਾਥੀ ਇਸ ਵਿਸ਼ੇ 'ਤੇ ਹੋਰ ਅਧਿਅਨ ਕਰਨ। ਤੁਸੀਂ ਬੁਲੇਟਿਨ ਵਿੱਚ ਪੁਜਾਰੀਆਂ ਸਬੰਧੀ ਲਿਖ ਰਹੇ ਹੋ। ਸਿੱਖ ਸੰਗਤਾਂ ਵਿੱਚ ਪੁਜਾਰੀਆਂ ਦਾ ਬੜਾ ਡੂੰਘਾ ਅਸਰ ਰਿਹਾ ਹੈ। ਇਹੋ ਕਾਰਣ ਹੈ ਕਿ ਪੁਜਾਰੀਆਂ ਦੀ ਹਰ ਗ਼ਲਤ ਗੱਲ ਸਿੱਖ ਸੰਗਤਾਂ ਬਿਨਾਂ ਕਿੰਤੂ ਕੀਤੇ ਮੰਨਦੀਆਂ ਰਹੀਆਂ ਹਨ ਤੇ ਅੱਜ ਵੀ ਇਹ ਪਰਪਾਟੀ ਕਿਸੇ ਨਾ ਕਿਸੇ ਸ਼ਕਲ ਵਿੱਚ ਚੱਲ ਰਹੀ ਹੈ।

ਇੱਕ ਹੋਰ ਗੱਲ ਬੜੇ ਦੁੱਖ ਨਾਲ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕਿਸੇ ਵੀ ਵਿਦਵਾਨ ਨੇ, ਭਾਵੇਂ ਉਹ ਡਾ. ਹਰਬੰਸ ਸਿੰਘ ਹੋਵੇ, ਭਾਵੇਂ ਡਾ. ਗੋਪਾਲ ਸਿੰਘ ਦਰਦੀ ਜਾਂ ਡਾ. ਸੰਗਤ ਸਿੰਘ, ਕਿਸੇ ਨੇ ਵੀ ਕ੍ਰਿਸਚਨ ਮਿਸ਼ਨ ਲੁਧਿਆਣਾ ਦੇ ਕੰਮਾਂ ਦੀ ਪੜਚੋਲ ਕਰ ਕੇ ਅਧਿਅਨ ਨਹੀਂ ਕੀਤਾ ਤੇ ਨਾ ਹੀ ਕਿਸੇ ਨੇ ਪੰਜਾਬ ਦੇ ਗਵਰਨਰ ਜਾਨਸਨ ਤੇ ਲਾਰੰਸ ਦੋਹਾਂ ਦੇ ਕੰਮਾਂ ਦਾ ਡੂੰਘਾ ਅਧਿਅਨ ਕੀਤਾ। ਇਹਨਾਂ ਨੇ ਕ੍ਰਿਸਚਨ ਮਿਸ਼ਨ ਲੁਧਿਆਣਾ, ਜਾਨਸਨ ਤੇ ਲਾਰੰਸ (ਪੰਜਾਬ ਦੇ ਗਵਰਨਰ ਤੇ ਗਵਰਨਰ ਜਨਰਲ ਡਲਹੌਜ਼ੀ) ਦੀਆਂ ਸਾਜ਼ਿਸਾਂ ਨੂੰ ਨਹੀਂ ਉਘੇੜਿਆ। ਡਾ. ਸੰਗਤ ਸਿੰਘ ਜੀ ਨੇ ਇਹ ਗੱਲ ਤਾਂ ਲਿਖੀ ਹੈ ਕਿ 1862 ਈਸਵੀ ਵਿੱਚ ਕਪੂਰਥਲਾ ਦੇ ਮਹਾਰਾਜੇ ਨੇ ਕ੍ਰਿਸਚਨ ਮਿਸ਼ਨ ਨੂੰ ਆਪਣੇ ਘਰ ਬੁਲਵਾਇਆ, ਉਹਨਾਂ ਦਾ ਪਰਿਵਾਰ ਕ੍ਰਿਸਚਨ ਬਣਿਆ; ਇਸ ਤੋਂ ਵਧ ਕੁਝ ਨਹੀਂ ਲਿਖਿਆ। ਸਿੰਘ ਸਭਾ ਲਹਿਰ ਦੀ ਆਰੰਭਤਾ ਸਬੰਧੀ ਲਿਖਦਿਆਂ ਡਾਕਟਰ ਹਰਬੰਸ ਸਿਘ ਨੇ ਕ੍ਰਿਸਚਨ ਮਿਸ਼ਨ ਲੁਧਿਆਣਾ ਦੀ ਰਿਪੋਟ ਕਿ 'ਜੇਕਰ ਅਸੀਂ ਅੰਮ੍ਰਿਤਸਰ ਤੇ ਪੇਸ਼ਾਵਰ ਆਪਣੇ ਕੰਟਰੋਲ ਵਿੱਚ ਲੈ ਲਈਏ ਤਾਂ ਸਾਰਾ ਪੰਜਾਬ, ਨੌਰਥ ਵੈਸਟ ਫ਼ਰੰਟੀਅਰ ਆਦਿ ਈਸਾਈ ਬਣ ਜਾਵੇਗਾ', ਦਾ ਜ਼ਿਕਰ ਕੀਤਾ ਹੈ। ਇਸੇ ਸਕੀਮ ਦੇ ਤਹਿਤ ਸ੍ਰੀ ਅੰਮ੍ਰਿਤਸਰ ਵਿਖੇ ਚਾਰ ਸਿੱਖ ਨੌਜਵਾਨਾਂ ਨੂੰ ਸ਼ਰ੍ਹੇਆਮ ਈਸਾਈ ਬਣਾਉਣ ਦੀ ਵਿਉਂਤ ਬਣੀ ਤੇ ਇਸ ਦੇ ਫਲ਼ਸਰੂਪ ਸਿੰਘ ਸਭਾ ਲਹਿਰ ਹੋਂਦ ਵਿੱਚ ਆਈ। 1988 ਈਸਵੀ ਤੱਕ 'ਪੰਜਾਬ: ਪਾਸਟ ਐਂਡ ਪਰੈਜ਼ੈਂਟ' ਦੇ ਸਾਰੇ ਲੇਖ ਪੜ੍ਹੇ ਹਨ; ਕਿਸੇ ਨੇ ਵੀ ਕ੍ਰਿਸਚਨ ਮਿਸ਼ਨ 'ਤੇ ਕੋਈ ਲੇਖ ਨਹੀਂ ਲਿਖਿਆ। ਲੋੜ ਹੈ ਕਿ ਸਾਨੂੰ ਇਸ ਸਮੇਂ ਦੇ ਇਤਿਹਾਸ ਦਾ ਬੜਾ ਡੂੰਘਾ ਨਿਰੀਖਣ ਕਰਨਾ ਚਾਹੀਦਾ ਹੈ। ਉਸ ਵਿੱਚੋਂ ਹੀ ਸਾਡੀ ਅੱਜ ਦੀ ਹਾਲਤ ਦਾ ਪਿਛੋਕੜ ਸਾਹਮਣੇ ਆ ਜਾਏਗਾ। ਚੰਗਾ ਹੋਵੇ ਕਿ ਇਸ ਸਮੇਂ ਦਾ ਇਤਿਹਾਸ ਠੀਕ ਖੋਜਿਆ ਜਾ ਸਕੇ। ਮੈਨੂੰ ਖੁਸ਼ੀ ਹੋਵੇਗੀ ਕਿ ਕਿਸੇ ਤਰ੍ਹਾਂ ਵੀ ਇਹ ਕੰਮ ਸਿਰੇ ਚੜ੍ਹੇ।

❍❍❍❍❍

## ਖੂਨੀ ਵੰਡ - ਪੰਜਾਬ ਦੇ ਪਾਣੀਆਂ ਦੀ

ਇੰਜ: ਜਗਤਾਰ ਸਿੰਘ

**ਸਤੰਬਰ 2004 ਤੋਂ ਅੱਗੇ:**

31 ਦਸੰਬਰ 1981 ਨੂੰ ਪੰਜਾਬ ਦੇ ਪਾਣੀਆਂ ਦੇ ਸਬੰਧ ਵਿੱਚ ਐਲਾਨੇ ਗਏ ਨਾਦਰਸ਼ਾਹੀ ਐਵਾਰਡ ਦੀ ਹਾਲੇ ਸਿਆਹੀ ਸੁੱਕੀ ਵੀ ਨਹੀਂ ਸੀ ਕਿ ਮੈਡਮ ਇੰਦਰਾ ਗਾਂਧੀ ਨੇ ਇੱਕ ਵਾਰੀ ਫਿਰ ਪੰਜਾਬੀ ਕਿਸਾਨ ਦੇ ਹਿਤਾਂ ਦੀ ਅਣਦੇਖੀ ਕਰਦੇ ਹੋਏ ਉਨ੍ਹਾਂ ਦੇ ਸਵੈਮਾਨ ਨੂੰ ਲਿਤਾੜਨ ਦੇ ਮਨਸੂਬੇ ਨਾਲ ਆਪਣੇ ਹਿਟਲਰੀ ਅੰਦਾਜ਼ 'ਚ ਹਰਿਆਣੇ ਨੂੰ ਪਾਣੀ ਮੁਹੱਈਆ ਕਰਵਾਉਣ ਲਈ ਨਿਕਟ ਭਵਿੱਖ ਵਿੱਚ 'ਐਸ.ਵਾਈ.ਐਲ. ਨਹਿਰ' ਦੀ ਉਸਾਰੀ ਦੇ ਕੰਮ ਦਾ ਉਦਘਾਟਨ ਕਰਨ ਦਾ ਐਲਾਨ ਕਰ ਦਿੱਤਾ। ਇਸ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ — ਪੰਜਾਬ ਦੇ ਦਰਿਆਈ ਪਾਣੀਆਂ ਦੀ ਗ਼ੈਰ-ਸੰਵਿਧਾਨਕ ਲੁੱਟ ਦੇ ਖ਼ਿਲਾਫ਼ ਸਾਰੀਆਂ ਹਮਖਿਆਲ ਪਾਰਟੀਆਂ ਇੱਕ ਪਲੇਟਫਾਰਮ

’ਤੇ ਇਕੱਠੀਆਂ ਹੋ ਗਈਆਂ। ਸਾਂਝੇ ਮੁਹਾਜ਼ ਦੇ ਹੋਂਦ ’ਚ ਆਉਣ ਨਾਲ ਪੰਜਾਬੀਆਂ ਦੀ ਬੁਲੰਦ ਹੋਈ ਰਾਇ-ਆਮਾਂ ਨੇ ‘ਐਸ.ਵਾਈ.ਐਲ. ਨਹਿਰ’ ਦੀ ਉਸਾਰੀ ਦੇ ਵਿਰੁੱਧ ਵੱਡੀ ਪੱਧਰ ’ਤੇ ਧਰਮ ਯੁੱਧ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ। 4 ਅਪ੍ਰੈਲ 1982 ਨੂੰ ਇੰਦਰਾ ਵੱਲੋਂ ਪੰਜਾਬ ਦੇ ਇਲਾਕੇ ’ਚ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਪੂਰੀ ਤੋਂ ਨਹਿਰ ਦੀ ਉਸਾਰੀ ਦੇ ਉਦਘਾਟਨ ਨਾਲ ਪੰਜਾਬੀਆਂ ਵਿੱਚ ਸੁਤੇ ਸਿੱਧ ਉੱਭਰੀ ਰਾਇ-ਆਮਾ ਦੇ ਜਲੌ ਤੋਂ ਘਬਰਾ ਕੇ ਬੀਬੀ ਇੰਦਰਾ ਨੇ ਇਸ ਨੂੰ ਖੇਰੂੰ ਖੇਰੂੰ ਕਰਨ ਅਤੇ ਕੁਰਾਹੇ ਪਾਉਣ ਲਈ ਕੇਂਦਰੀ ਸਰਕਾਰ ਦੀਆਂ ਸੂਹੀਆਂ ਏਜੰਸੀਆਂ, ਉਸ ਦੇ ਇਸ਼ਾਰੇ ਤੇ ਨੱਚਣ ਵਾਲੀਆਂ ਘੱਟਗਿਣਤੀਆਂ ਵਿਰੋਧੀ ਰਾਜਸੀ ਪਾਰਟੀਆਂ, ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਏ ਨੂੰ ਦੇਸ਼ ਅਤੇ ਵਿਦੇਸ਼ ਵਿੱਚ ਪੰਜਾਬ ਦੇ ਖ਼ਿਲਾਫ਼ ਨਫ਼ਰਤ ਦਾ ਮਾਹੌਲ ਪੈਦਾ ਕਰਨ ਲਈ ਝੋਕ ਦਿੱਤਾ। ਪੰਜਾਬੀਆਂ ਨੂੰ ਆਮ ਕਰਕੇ ਅਤੇ ਸਿੱਖਾਂ ਨੂੰ ਖਾਸ ਕਰਕੇ ਸਬਕ ਸਿਖਾਉਣ ਲਈ ਬੜੀ ਭਿਆਨਕ ਖੇਡ ਖੇਡੀ ਗਈ। ਸਰਕਾਰੀ ਭੜਕਾਹਟ ਅਤੇ ਦਮਨ (State repressesion) ਤੋਂ ਉਪਜੀ ਨਫ਼ਰਤ ਜ਼ਖ਼ਮੀ ਸ਼ੇਰ ਵਾਂਗੂੰ ਕਹਿਰ ਬਣ ਪੰਜਾਬ ’ਤੇ ਇਉਂ ਟੁੱਟ ਕੇ ਪਈ ਕਿ ਪੰਜਾਬ ਦੀ ਜੁਆਨੀ ਪੰਜਾਬ ਪੁਲੀਸ ਅਤੇ ਭਾਰਤੀ ਫ਼ੌਜ ਦੀ ਬੁਰਛਾਗਰਦੀ ਦੀ ਭੇਂਟ ਚੜ੍ਹ ਗਈ। ਨਿਰੰਤਰ ਵੀਹ ਸਾਲ ਲਹੂ ਨਾਲ ਰੰਗਿਆ ਪੰਜਾਬ ਦੇ ਦਰਿਆਵਾਂ ਦਾ ਪਾਣੀ ਹਰਿਆਣੇ ਅਤੇ ਰਾਜਸਥਾਨ ਦੀ ਸਿਆਸੀ ਪਿਆਸ ਬੁਝਾਉਂਦਾ ਰਿਹਾ, ਬੁਝਾਉਂਦਾ ਰਿਹਾ......! ਪਰ ਸਾਰੇ ਦੇਸ਼ ਦੇ ਗੁੰਮਰਾਹ ਹੋਏ ਮੀਡੀਏ ’ਚੋਂ ਕੋਈ ਇੱਕ ਵੀ ਮਾਂ ਦਾ ਪੁੱਤ ਪੰਜਾਬ ਨਾਲ ਵਾਪਰੀ ਅਣਹੋਣੀ ਅਤੇ ਹੋਏ ਧੱਕੇ ’ਤੇ ਆਹ ਦਾ ਨਾਅਰਾ ਮਾਰਨ ਲਈ ਨਾ ਨਿੱਤਰਿਆ। ਹਾਂ, ਜ਼ਖ਼ਮਾਂ ’ਤੇ ਲੂਣ ਛਿੜਕਣ ਵਾਲੇ ਇੱਕ ਦੂਜੇ ਤੋਂ ਅੱਗੇ ਸਨ। ਸਿੱਖੀ ਦੇ ਰੂਪ ’ਚ ਵਲੂੰਧਰੀ ਪੰਜਾਬੀਅਤ ਆਪਣੇ ਹੀ ਦੇਸ਼ ‘ਭਾਰਤ’ ਵਿੱਚ ਭਾਰਤੀ ਫ਼ੌਜਾਂ ਦੀਆਂ ਰਾਈਫ਼ਲਾਂ ਦੇ ਬੱਟਾਂ, ਠੁੱਡਿਆਂ ਤੇ ਗੋਲ਼ੀਆਂ ਦੀਆਂ ਬੁਛਾੜਾਂ ਹੰਢਾਉਂਦੀ, ਇੰਟੈਰੋਗੇਸ਼ਨ ਸੈਂਟਰਾਂ ਵਿੱਚ ਬੇਪਤ ਹੁੰਦੀ ਰਹੀ। ਪੱਲੇ ਪਈ ਜਾਨ ਤੋਂ ਪਿਆਰੇ ਦਰਬਾਰ ਸਾਹਿਬ, ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ ਅਤੇ ਹੋਰ ਅਨੇਕਾਂ ਗੁਰਧਾਮਾਂ ਦੀ ਬੇਹੁਰਮਤੀ! ਰੱਬ ਦੀ ਮਾਰ ਪਵੇ ਪੰਜਾਬ ਦੀ ਹੋਣੀ ਦੇ ਵਾਰਸ ਕਹਾਉਂਦੇ ਅਖ਼ੌਤੀ ਲੀਡਰਾਂ ਨੂੰ, ਜੋ ਮੀਣੇ ਬਲਦਾਂ ਵਾਂਗ ਜੇਲ੍ਹਾਂ ’ਚ ਸਰਕਾਰੀ ਮੇਜ਼ਬਾਨੀ ਦਾ ਅਨੰਦ ਲੈਂਦਿਆਂ ਪੰਥਕ ਗ਼ੈਰਤ ਨੂੰ ਘੋਲ ਕੇ ਪੀ ਗਏ। ਸਿਆਸੀ ਤੌਰ ’ਤੇ ਦਿਸ਼ਾਹੀਣ ਅਤੇ ਬੌਧਿਕ ਤੌਰ ’ਤੇ ਬੌਣੀ ਲੀਡਰਸ਼ਿਪ ਇੱਕ ਗਿਣੀ ਮਿਥੀ ਸਾਜ਼ਿਸ਼ ਅਧੀਨ ਲੌਂਗੋਵਾਲ, ਟੌਹੜਾ, ਬਾਦਲ ਅਤੇ ਹੋਰ ਪੰਜ ਆਗੂਆਂ ਸਮੇਤ 11 ਮਾਰਚ 1985 ਨੂੰ ਰਿਹਾਅ ਹੋ ਕੇ ਜੇਲ੍ਹਾਂ ਤੋਂ ਬਾਹਰ ਆ ਗਈ। ਹੋਇਆ ਉਹੀ ਜਿਸ ਦਾ ਡਰ ਸੀ — 27 ਜੁਲਾਈ 1985 ਨੂੰ ਪੰਜਾਬ ਦੇ ਤਤਕਾਲੀਨ ਗਵਰਨਰ ਅਰਜਨ ਸਿੰਘ ਅਤੇ ਕੇਂਦਰੀ ਖੁਫ਼ੀਆ ਏਜੰਸੀਆਂ ਵੱਲੋਂ ਰਚੇ ਗਏ ਭਰਮਜਾਲ ਵਿੱਚ ਫਸ ਕੇ ਦੂਰ-ਦ੍ਰਿਸ਼ਟੀ ਤੋਂ ਸੱਖਣੀ ਤੇ ਵਿਕਾਊ ਲੀਡਰਸ਼ਿਪ ਨੇ ਰਾਜੀਵ-ਲੌਂਗੋਵਾਲ ਸਮਝੌਤੇ ’ਤੇ ਦਸਤਖ਼ਤ ਕਰ ਕੇ ਪੰਜਾਬ ਅਤੇ ਸਿੱਖ ਹਿਤਾਂ ਨੂੰ ਗਹਿਣੇ ਰੱਖ ਦਿੱਤਾ। ਹੀਣ-ਭਾਵਨਾ ਦੇ ਮਾਰੇ ਇਹ ਵੀ ਨਾ ਸਮਝ ਸਕੇ ਕਿ ਅਸੀਂ ਲਿਖ ਕੇ ਕੀ ਦੇ ਰਹੇ ਹਾਂ। ਅਖੇ ‘ਤੇਰਾ ਲੁੱਟਿਆ ਸ਼ਹਿਰ ਭੰਬੋਰ ਨੀ ਸੱਸੀਏ ਬੇਖ਼ਬਰੇ!’ ਕੀ ਲਿਖ ਕੇ ਦਿੱਤਾ ਇਹਨਾਂ ‘ਹੋਣਹਾਰ ਪੰਥਕ ਲੀਡਰਾਂ’ ਨੇ, ਦੀ ਝਾਕੀ:

(1) ਇਸ ਸਮਝੌਤੇ ਦੇ ਦਿਨ ਜਿੰਨਾਂ ਜਿੰਨਾਂ ਪੰਜਾਬ ਦੇ ਦਰਿਆਵਾਂ ਦਾ ਪਾਣੀ ਦੂਸਰੇ ਸੂਬੇ ਵਰਤ ਰਹੇ ਹਨ, ਉਹ ਵਰਤਦੇ ਰਹਿਣਗੇ।

(2) ‘ਐਸ.ਵਾਈ.ਐਲ. ਨਹਿਰ’, ਜਿਸ ਨੂੰ ਬਣਾਉਣ ਲਈ ਦੁਨੀਆ ਦਾ ਕੋਈ ਕਾਨੂੰਨ ਪੰਜਾਬ ਨੂੰ ਮਜਬੂਰ ਨਹੀਂ ਕਰ ਸਕਦਾ ਸੀ, ਪੰਜਾਬ ਉਸ ਦੀ ਉਸਾਰੀ 15 ਅਗਸਤ 1986 ਤੱਕ ਪੂਰੀ ਕਰਵਾਏਗਾ।

(3) ਪੰਜਾਬ ਦੇ ਪਾਣੀਆਂ ਦੀ ਗ਼ੈਰ-ਕੁਦਰਤੀ ਤੇ ਗ਼ੈਰ-ਵਿਧਾਨਕ ਵੰਡ ਦਾ ਨਿਪਟਾਰਾ ਸੁਪਰੀਮ ਕੋਰਟ ਨਹੀਂ, ਟ੍ਰਿਬਿਊਨਲ ਕਰੇਗਾ।

ਅਤੇ ਅਜਿਹੀਆਂ ਹੋਰ, ਪੰਜਾਬ ਦੇ ਭਵਿੱਖ ਨਾਲ ਖਿਲਵਾੜ ਕਰਦੀਆਂ, ਸ਼ਰਤਾਂ ਜਿਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਜਾ ਰਿਹਾ।

ਅਕਾਲੀ ਲੀਡਰਸ਼ਿਪ ਵੱਲੋਂ ਪੰਜਾਬ ਲਈ ਵਿਹਾਜੇ ਵਿਸ਼ਵਾਸਘਾਤੀ ‘ਰਾਜੀਵ-ਲੌਂਗੋਵਾਲ ਸਮਝੌਤੇ’ ਦੀ ਧਾਰਾ 9.1 ਅਤੇ 9.2 ਨੂੰ ਅਧਾਰ ਬਣਾ ਕੇਂਦਰ ਵਿੱਚ ਬੈਠੇ ਪੰਜਾਬ ਵਿਰੋਧੀ ਸ਼ਿਕਾਰੀ ਹਰਕਤ ਵਿੱਚ ਆਏ ਅਤੇ ਮੂਲੋਂ ਹੀ ਇੱਕ ਰਾਜਨੀਤਕ ਸਮਝੌਤੇ ਦੀ ਗ਼ਲਤ ਵਰਤੋਂ ਕਰਦਿਆਂ ਅੰਤਰਰਾਜੀ ਜਲ ਵਿਵਾਦ ਕਾਨੂੰਨ 1956 ਦੀ ਸੋਧ ਕਰ ਕੇ ਇੰਦਰਾ ਦੇ 1981 ਦੇ ਅਵਾਰਡ ਉੱਤੇ ਕਾਨੂੰਨੀ ਮੋਹਰ ਲਗਵਾਉਣ ਲਈ 1986 ਵਿੱਚ ਪਾਰਲਾਮੈਂਟ ਰਾਹੀਂ ‘ਇਰਾਡੀ ਟ੍ਰਿਬੂਨਲ’ ਕਾਇਮ ਕਰ ਕੇ ਉਸ ਤੋਂ ਅੰਤ੍ਰਿਮ ਅਵਾਰਡ ਵੀ ਲੈ ਲਿਆ। ‘ਇਰਾਡੀ ਟ੍ਰਿਬਿਊਨਲ’ ਨੇ 1987 ਦੇ ਆਪਣੇ ਅੰਤ੍ਰਿਮ ਅਵਾਰਡ ਰਾਹੀਂ 1.11 MAF ਹੋਰ ‘ਵਾਧੂ’ ਪਾਣੀ ਦੀ ਨਿਸ਼ਾਨਦੇਹੀ ਕਰ ਕੇ ਉਸ ਦੀ ਵੰਡ ਦੀ ਗੱਲ ਕੀਤੀ ਸੀ ਜਦੋਂਕਿ ਇਹ ‘ਵਾਧੂ’ ਪਾਣੀ ਦਰਿਆ ਦੇ ਕੁਦਰਤੀ ਵਹਾਅ ਨਾਲ ਚਲਿਆ ਜਾਂਦਾ ਹੈ ਅਤੇ ਇਸ ਨੂੰ ਭਾਰਤ ਦੀ ਸੀਮਾ ਵਿੱਚ ਵਰਤ ਸਕਣਾ ਤਕਨੀਕੀ ਤੌਰ ’ਤੇ ਬਿਲਕੁਲ ਅਸੰਭਵ ਹੈ। ਇਸ ਕਰਕੇ ਉਸ ਅੰਤ੍ਰਿਮ

ਅਵਾਰਡ ਨੂੰ ਪੰਜਾਬ ਨੇ ਤੁਰੰਤ ਰੱਦ ਕਰਦਿਆਂ ਆਪਣੇ ਇਤਰਾਜ਼/ਉਜ਼ਰ ਦਾਇਰ ਕਰ ਦਿੱਤੇ ਸਨ। 'ਇਰਾਡੀ ਟ੍ਰਿਬਿਊਨਲ' ਦਾ ਗਿੱਲਾ ਪੀਹਣ ਤਕਰੀਬਨ ਪਿਛਲੇ ਦੋ ਦਹਾਕਿਆਂ ਤੋਂ ਜ਼ਿਆਦਾ ਸਮੇਂ ਤੋਂ ਲਮਕ ਰਿਹਾ ਹੈ। 'ਇਨਸਾਫ਼ ਵਿੱਚ ਦੇਰੀ ਇਨਸਾਫ਼ ਤੋਂ ਇਨਕਾਰ ਹੁੰਦਾ ਹੈ' ਦੀ ਕਹਾਵਤ ਵਾਂਗ ਪੰਜਾਬ ਦੀਆਂ 1983 ਤੋਂ ਸੁਪਰੀਮ ਕੋਰਟ ਵਿੱਚ ਪਈਆਂ ਪੰਜ ਰਿੱਟ ਪਟੀਸ਼ਨਾਂ ਅੱਜ ਵੀ ਠੰਡੇ ਬਸਤਿਆਂ ਦਾ ਅਨੰਦ ਮਾਣ ਰਹੀਆਂ ਹਨ। ਕੇਂਦਰ ਸਰਕਾਰ ਨੇ ਆਪਣਾ ਮਤਲਬ ਪੂਰਾ ਕਰ ਕੇ 'ਰਾਜੀਵ ਲੌਂਗੋਵਾਲ ਸਮਝੌਤੇ' ਦੀ ਕਿਸੇ ਵੀ ਹੋਰ ਧਾਰਾ ਨੂੰ ਇਮਾਨਦਾਰੀ ਨਾਲ ਲਾਗੂ ਕਰਨ ਦਾ ਯਤਨ ਨਹੀਂ ਕੀਤਾ ਅਤੇ ਇਹ ਸਮਝੌਤਾ ਆਪੇ ਆਪਣੀ ਮੌਤੇ ਮਰ ਚੁੱਕਾ ਹੈ। ਹਾਂ, ਕੇਂਦਰ ਸਰਕਾਰ ਅਤੇ ਨੀਲੇ ਚਿੱਟੇ ਕਬੂਤਰਾਂ ਦੀ ਲੁਕਵੀਂ ਮਿਲੀਭੁਗਤ ਨਾਲ ਹਰਿਆਣਾ ਨੇ 'ਰਾਜੀਵ ਲੌਂਗੋਵਾਲ ਸਮਝੌਤੇ' ਦੀ ਧਾਰਾ 9 ਅਧੀਨ (ਜਿਸ ਰਾਹੀਂ ਨੀਲੇ ਕਬੂਤਰ ਮੰਨ ਕੇ ਆਏ ਸਨ ਕਿ ਪੰਜਾਬ 'ਐਸ.ਵਾਈ.ਐਲ ਨਹਿਰ' ਦੀ ਉਸਾਰੀ 15 ਅਗਸਤ 1986 ਤੱਕ ਪੂਰੀ ਕਰਵਾਏਗਾ) ਦਾ ਸਹਾਰਾ ਲੈਂਦਿਆਂ 1996/97 ਵਿੱਚ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕਰ ਦਿੱਤਾ ਕਿ ਪੰਜਾਬ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਉਹ ਸਮਾਬੱਧ ਪ੍ਰੋਗਰਾਮ ਅਨੁਸਾਰ ਪੰਜਾਬ ਦੀ ਹੱਦ 'ਚ ਪੈਂਦੀ 121 ਕਿਲੋਮੀਟਰ ਲੰਬੀ 'ਐਸ.ਵਾਈ.ਐਲ ਨਹਿਰ' ਦੀ ਉਸਾਰੀ ਮੁਕੰਮਲ ਕਰਾਵੇ ਤਾਂ ਜੋ ਹਰਿਆਣੇ ਨੂੰ 1981 ਤੇ 1987 ਦੇ ਅਵਾਰਡਾਂ ਅਨੁਸਾਰ ਪਾਣੀ ਮਿਲ ਸਕੇ। ਐਨ ਕਿਆਸੀਆਂ ਲੀਹਾਂ ਅਨੁਸਾਰ ਹਰਿਆਣੇ ਨੂੰ ਸੁਪਰੀਮ ਕੋਰਟ ਤੋਂ ਪੂਰੀ ਰਾਹਤ ਮਿਲੀ ਅਤੇ 15 ਜਨਵਰੀ 2002 ਨੂੰ ਪੰਜਾਬ ਨੂੰ ਆਦੇਸ਼ ਦਿੱਤੇ ਗਏ ਕਿ ਉਹ ਨਹਿਰ ਦੇ ਪੰਜਾਬ ਵਿੱਚ ਪੈਂਦੇ ਹਿੱਸੇ ਦੀ ਉਸਾਰੀ ਨੂੰ 15 ਜਨਵਰੀ 2003 ਤੱਕ ਮੁਕੰਮਲ ਕਰਾਵੇ। ਜੇਕਰ ਪੰਜਾਬ ਐਸਾ ਕਰਨ 'ਚ ਅਸਫ਼ਲ ਰਹੇ ਤਾਂ ਕੇਂਦਰ ਸਰਕਾਰ ਇਸ ਕੰਮ ਨੂੰ ਆਪਣੇ ਹੱਥ 'ਚ ਲੈ ਕੇ ਪੂਰਾ ਕਰਾਵੇ। ਨਾ ਇਸ ਫ਼ੈਸਲੇ ਦੇ ਖ਼ਿਲਾਫ਼ ਅਤੇ ਨਾ ਹੀ ਇਸ ਫ਼ੈਸਲੇ ਤੋਂ ਪਹਿਲਾਂ, ਪੰਜਾਬ ਦੀ ਸੱਤਾ 'ਤੇ ਕਾਬਜ਼ ਨੀਲੇ ਤੇ ਭਗਵੇਂ ਕਬੂਤਰਾਂ ਨੇ ਸਮਾਂ ਰਹਿੰਦਿਆਂ ਕੋਈ ਪੁਖਤਾ ਕਾਨੂੰਨੀ ਚਰਾਜੋਈ ਕੀਤੀ। ਕਰਦੇ ਵੀ ਕਿੱਦਾਂ, ਉਹਨਾਂ ਗਰੀਬਾਂ ਨੂੰ ਤਾਂ ਆਪਣੇ ਖਾਲੀ ਝੌਲਰ ਭਰਨ ਤੋਂ ਹੀ ਵਿਹਲ ਨਾ ਮਿਲੀ — ਪੂਰੇ ਪੰਜ ਸਾਲ।

ਸਮੇਂ ਦਾ ਕਿਸ ਨੇ ਅੰਤ ਪਾਇਐ! ਇਲੈਕਸ਼ਨਾਂ ਹੋਈਆਂ, ਪੰਜਾਬ ਦੀ ਅਟਾਰੀ ਤੋਂ ਨੀਲੇ ਤੇ ਭਗਵੇਂ ਕਬੂਤਰ ਉੱਡ ਗਏ ਅਤੇ ਆ ਬੈਠੇ ਚਿੱਟੇ-ਚੀਨੇ ਰੰਗੇ ਕਬੂਤਰ। ਉਨ੍ਹਾਂ ਨੂੰ ਵਿਰਾਸਤ 'ਚ ਮਿਲਿਆ ਉਨ੍ਹਾਂ ਦੇ ਆਪਣੇ ਪੂਰਵਜਾਂ ਵੱਲੋਂ ਸਹੇੜੀ ਪੰਜਾਬ ਦੁਸ਼ਮਣੀ 'ਚੋਂ ਉਪਜਿਆ 'ਪੰਜਾਬ ਜਲ ਵਿਵਾਦ' ਅਤੇ 'ਐਸ.ਵਾਈ.ਐਲ ਨਹਿਰ' ਬਾਰੇ ਸੁਪਰੀਮ ਕੋਰਟ ਦਾ ਨਹਿਰ ਦੀ ਉਸਾਰੀ ਨੂੰ 15 ਜਨਵਰੀ 2003 ਤੱਕ ਪੂਰੀ ਕਰਨ ਦਾ ਆਦੇਸ਼। ਸੁਪਰੀਮ ਕੋਰਟ ਨੇ ਪੰਜਾਬ ਦੇ ਪਾਣੀਆਂ ਦੀ ਵੰਡ ਦੇ ਸਬੰਧ ਵਿੱਚ ਦਿੱਤੀਆਂ ਬੇਅੰਤ ਦਲੀਲਾਂ ਨੂੰ ਹਰ ਵਾਰ ਅਣਗੌਲਿਆਂ ਕਰਦਿਆਂ ਅਤੇ ਆਪਣੇ ਫ਼ੈਸਲੇ 'ਤੇ ਅਟੱਲ ਰਹਿੰਦਿਆਂ 4 ਜੂਨ 2004 ਨੂੰ ਕੇਂਦਰ ਸਰਕਾਰ ਨੂੰ ਆਦੇਸ਼ ਦਿੱਤੇ ਕਿ ਉਹ 'ਐਸ.ਵਾਈ.ਐਲ ਨਹਿਰ' ਦੇ ਪੰਜਾਬ ਵਿਚਲੇ ਹਿੱਸੇ ਦੇ ਕੰਮ ਨੂੰ ਆਪਣੇ ਹੱਥ 'ਚ ਲੈ ਕੇ ਆਪਣੀ ਕਿਸੇ ਏਜੰਸੀ ਰਾਹੀਂ ਉਸ ਦੀ ਉਸਾਰੀ ਦਾ ਕੰਮ 15 ਜੁਲਾਈ 2004 ਤੋਂ ਸ਼ੁਰੂ ਕਰ ਦੇਵੇ।

ਅਗਲੇ ਘਟਨਾਕ੍ਰਮ ਦੀ ਗੱਲ ਕਰਨ ਤੋਂ ਪਹਿਲਾਂ, ਆਉ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਇਸੇ ਤਰ੍ਹਾਂ ਦੇ ਅੰਤਰਰਾਜੀ ਪਾਣੀ ਦੇ ਬਟਵਾਰਿਆਂ ਨਾਲ ਸਬੰਧਤ ਮਸਲਿਆਂ ਅਤੇ ਰਾਈਪੇਰੀਅਨ ਕਾਨੂੰਨ ਵਜੋਂ ਜਾਣੇ ਜਾਂਦੇ ਕਾਨੂੰਨ ਦੇ ਅਧੀਨ ਪੰਜਾਬ ਦੇ ਪਾਣੀਆਂ ਦੀ ਵੰਡ ਤੋਂ ਪਹਿਲਾਂ, ਸਾਡੇ ਆਪਣੇ ਹੀ ਦੇਸ਼ ਵਿੱਚ ਹੋਏ ਫ਼ੈਸਲਿਆਂ ਦੀ ਵੀ ਗੱਲ ਕਰ ਲਈਏ। ਆਜ਼ਾਦੀ ਤੋਂ ਬਾਅਦ ਪੰਜਾਬ ਤੋਂ ਪਹਿਲਾਂ ਇੱਕ ਇੱਕ ਕਰ ਕੇ ਕਈ ਪੁਰਾਣੇ ਸੂਬਿਆਂ ਦੇ ਪੁਨਰਗਠਨ ਦੇ ਫਲ਼ਸਰੂਪ ਨਵੇਂ ਨਵੇਂ ਸੂਬੇ ਹੋਂਦ ਵਿੱਚ ਆਏ ਪਰੰਤੂ:

(i) ਕਿਸੇ ਇੱਕ ਵੀ ਸੂਬੇ ਦੇ ਪੁਨਰਗਠਨ ਕਾਨੂੰਨ ਵਿੱਚ ਪੰਜਾਬ ਪੁਨਰਗਠਨ ਕਾਨੂੰਨ 1966 ਦੀਆਂ ਧਾਰਾਵਾਂ 78, 79 ਅਤੇ 80 ਵਰਗੀਆਂ ਗੈਰ-ਵਿਧਾਨਿਕ ਧਾਰਾਵਾਂ ਨਾ ਪਾਈਆਂ ਗਈਆਂ ਅਤੇ ਨਾ ਹੀ ਉਨ੍ਹਾਂ ਨੂੰ ਉਨ੍ਹਾਂ ਦੇ ਡੈਮਾਂ, ਰਾਜਧਾਨੀ, ਹਾਈਕੋਰਟ ਆਦਿ ਤੋਂ ਮਹਿਰੂਮ ਕੀਤਾ ਗਿਆ; ਨਾ ਹੀ ਪੁਨਰਗਠਨ ਤੋਂ ਬਾਅਦ, ਸਿਵਾਏ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਤੋਂ ਬਾਹਰ ਰੱਖਣ ਦੇ, ਸਾਰੇ ਦੇਸ਼ ਵਿੱਚ ਕਿਸੇ ਵੀ ਹੋਰ ਪੁਨਰਗਠਤ ਸੂਬੇ ਵਿੱਚ ਅਜੇਹਾ ਹੋਇਆ? ਫਿਰ, ਪੰਜਾਬ ਨਾਲ ਹੀ ਐਸੀ ਧੱਕੇਸ਼ਾਹੀ ਕਿਉਂ?

(ii) ਕਿਸੇ ਵੀ ਪੁਨਰਗਠਤ ਸੂਬੇ ਦੇ ਪਾਣੀਆਂ ਦੇ ਵਿਵਾਦ ਦੇ ਨਿਪਟਾਰੇ ਲਈ 'ਅੰਤਰਰਾਜੀ ਜਲ ਵਿਵਾਦ ਕਾਨੂੰਨ 1956' ਵਿੱਚ ਕਿਸੇ ਤਰ੍ਹਾਂ ਦਾ ਵੀ ਕੋਈ ਵਿਸ਼ੇਸ਼ ਉਲੇਖ ਕਰਨ ਲਈ ਕੋਈ ਸੋਧ ਨਹੀਂ ਕੀਤੀ ਗਈ ਪਰ ਪੰਜਾਬ ਜਲ-ਵਿਵਾਦ ਦੇ ਨਿਪਟਾਰੇ ਲਈ ਟ੍ਰਿਬਿਊਨਲ ਬਣਾਉਣ ਲਈ ਖਾਸ ਤੌਰ 'ਤੇ ਰਾਵੀ-ਬਿਆਸ ਦਾ ਉਲੇਖ ਕਰ ਕੇ ਸੋਧ ਰਾਹੀਂ ਨਵੀਂ 'ਧਾਰਾ 14' ਜੋੜੀ ਗਈ। ਵਾਟਰ ਟ੍ਰਿਬਿਊਨਲ ਬਣਾਉਣ ਲਈ ਇਹ ਵਿਸ਼ੇਸ਼ ਉਲੇਖ ਵਾਲੀ ਸੋਧ ਕੇਵਲ ਪੰਜਾਬ ਦੇ ਮਸਲੇ 'ਚ ਹੀ ਕਿਉਂ ਕੀਤੀ ਗਈ? ਨਾਂ ਇਸ ਤੋਂ ਪਹਿਲਾਂ ਤੇ ਨਾ ਹੀ ਇਸ ਤੋਂ ਬਾਅਦ ਪੁਨਰਗਠਤ ਹੋਏ ਪ੍ਰਾਂਤਾਂ ਦੇ ਸਬੰਧ ਵਿੱਚ ਅਜੇਹੀ ਸੋਧ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਜਦੋਂ ਕਿ 'ਅੰਤਰਰਾਜੀ ਜਲ ਵਿਵਾਦ ਕਾਨੂੰਨ 1956' ਆਪਣੇ ਆਪ ਵਿੱਚ ਕਿਸੇ ਵੀ ਦੋ

ਜਾਂ ਬਹੁਤੇ ਪ੍ਰਾਂਤਾਂ ਵਿਚਕਾਰ ਪਾਣੀ ਨਾਲ ਜੁੜੇ ਹਰ ਤਰ੍ਹਾਂ ਦੇ ਮਾਮਲਿਆਂ ਬਾਰੇ 'ਵਾਟਰ ਟ੍ਰਿਬਿਊਨਲ' ਬਣਾਉਣ ਲਈ ਸਰਬ ਸਮਰੱਥ ਹੈ। ਜ਼ਰੂਰਤ ਹੈ ਕੇਵਲ ਕਿਸੇ ਵੀ ਇੱਕ ਫ਼ਰੀਕ ਵੱਲੋਂ ਕੇਂਦਰ ਨੂੰ ਇਸ ਸਬੰਧ ਵਿੱਚ ਬੇਨਤੀ ਕਰਨ ਦੀ।

(iii) ਸਭ ਪੁਨਰਗਠਤ ਸੂਬਿਆਂ ਦੇ ਜਲ-ਵਿਵਾਦਾਂ ਦੇ ਨਿਪਟਾਰੇ ਰਾਈਪੇਰੀਅਨ ਕਾਨੂੰਨ ਅਧੀਨ ਹੀ ਨਜਿੱਠੇ ਗਏ — ਕੇਵਲ ਤੇ ਕੇਵਲ ਪੰਜਾਬ ਤੋਂ ਬਿਨਾ। 1953 ਵਿੱਚ ਪੁਰਾਣੇ ਮਦਰਾਸ ਸੂਬੇ ਦੇ ਪੁਨਰਗਠਨ ਨਾਲ ਨਵਾਂ ਬਣਿਆ ਆਂਧਰਾ ਪ੍ਰਦੇਸ਼ 'ਕਾਵੇਰੀ ਦਰਿਆ' ਦੇ ਪਾਣੀ ਲਈ ਗ਼ੈਰ-ਰਾਈਪੇਰੀਅਨ ਐਲਾਨਿਆ ਗਿਆ ਜਿਸ ਕਰਕੇ ਆਂਧਰਾ ਕਾਵੇਰੀ ਦੇ ਪਾਣੀ 'ਤੇ ਕੋਈ ਹੱਕ (claim) ਨਹੀਂ ਜਤਾ ਸਕਦਾ। ਇਸੇ ਸੰਦਰਭ ਵਿੱਚ ਗੋਦਾਵਰੀ, ਮਹਾਂ ਨਦੀ ਅਤੇ ਕ੍ਰਿਸ਼ਨਾ ਦਰਿਆਵਾਂ ਦੇ ਪਾਣੀਆਂ ਲਈ ਤਾਮਿਲਨਾਡੂ ਗ਼ੈਰ-ਰਾਈਪੇਰੀਅਨ ਰਾਜ ਬਣ ਗਿਆ ਅਤੇ ਇਨ੍ਹਾਂ ਤਿੰਨਾਂ ਦਰਿਆਵਾਂ ਦੇ ਪਾਣੀਆ ਤੋਂ ਉਸ ਨੂੰ ਹੱਥ ਧੋਣੇ ਪਏ। ਰਾਈਪੇਰੀਅਨ ਕਾਨੂੰਨ ਦੇ ਅਧੀਨ ਹੀ 1974 ਵਿੱਚ ਜਦੋਂ ਰਾਜਸਥਾਨ ਨੇ ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਦੇ ਨਾਲ ਦਰਿਆ ਨਰਬਦਾ ਦੇ ਪਾਣੀਆਂ 'ਚ ਪਾਰਟੀ ਬਣਨਾ ਚਾਹਿਆ ਤਾਂ ਉਸ ਦੇ ਕਲੇਮ ਨੂੰ 'ਨਰਬਦਾ ਜਲ ਵਿਵਾਦ ਟ੍ਰਿਬਿਊਨਲ' ਵੱਲੋਂ ਅਸਵੀਕਾਰ (reject) ਕਰ ਦਿੱਤਾ ਗਿਆ ਸੀ ਕਿਉਂਕਿ ਨਰਬਦਾ ਦਰਿਆ ਰਾਜਸਥਾਨ ਪ੍ਰਾਂਤ ਵਿੱਚ ਦੀ ਨਹੀਂ ਗੁਜ਼ਰਦਾ।

ਪੰਜਾਬੀਆਂ ਨੂੰ ਹੱਕ ਹੈ ਕਿ ਲੋਕ ਕਚਹਿਰੀ ਵਿੱਚ ਖੜ੍ਹ ਕੇ ਦੇਸ਼ ਦੀ ਸਰਕਾਰ, ਨਿਆਂਪਾਲਕਾ, ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ ਤੇ ਸਾਰੀਆਂ ਰਾਜਸੀ ਪਾਰਟੀਆਂ ਕੋਲੋਂ ਇਹ ਗੱਲ ਪੁੱਛਣ ਕਿ ਆਖਰ ਕੀ ਕਾਰਣ ਹੈ ਕਿ ਇੱਕੋ ਦੇਸ਼ ਵਿੱਚ ਪੰਜਾਬ ਵਾਸਤੇ ਹੋਰ ਅਤੇ ਆਂਧਰਾ/ਤਾਮਿਲਨਾਡੂ ਲਈ ਹੋਰ ਕਾਨੂੰਨ! —ਕਿਉਂ? ਦੇਸ਼ ਉਹੋ, ਮਸਲਾ ਉਹੋ, ਕਾਨੂੰਨ ਵੀ ਉਹੋ ਪਰ ਲਾਗੂ ਕਰਨ ਦੇ ਢੰਗ ਦੋ! ਕਿਉਂ, ਕਿਉਂ, ਕਿਉਂ? ਸ਼ਾਇਦ ਅਜ਼ਾਦੀ ਤੋਂ ਬਾਅਦ (1947) ਸਿਆਸੀ ਤੌਰ 'ਤੇ ਪੰਜਾਬ ਨੂੰ ਇੱਕ ਬਸਤੀ ਹੀ ਸਮਝਿਆ ਗਿਆ ਹੈ ਕਿਉਂਕਿ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਦੋ ਦਫ਼ਾ ਗ਼ੈਰ-ਰਾਈਪੇਰੀਅਨ ਏਰੀਏ ਨੂੰ ਪੰਜਾਬ ਦਾ ਪਾਣੀ ਦਿੱਤਾ ਗਿਆ — ਦੋਨੋਂ ਦਫ਼ਾ ਹੋਏ ਇਕਰਾਰਨਾਮਿਆਂ ਅਨੁਸਾਰ ਪਾਣੀ ਲੈਣ ਵਾਲਿਆਂ ਨੇ ਇਵਜ਼ ਵਿੱਚ ਹੱਕ-ਮਾਲਕਾਨਾ ਦੇਣਾ ਸਵਿਕਾਰਿਆ। ਪਹਿਲੇ ਇਕਰਾਰਨਾਮੇ ਅਧੀਨ ਪੰਜਾਬ ਨਾਲ ਲੱਗਦੀਆਂ ਸਿੱਖ ਰਿਆਸਤਾਂ — ਪਟਿਆਲਾ, ਨਾਭਾ ਅਤੇ ਜੀਂਦ — ਦੇ ਏਰੀਏ ਨੂੰ 1873 ਵਿੱਚ ਸਰਹੰਦ ਨਹਿਰ ਸਿਸਟਮ ਰਾਹੀਂ ਪਾਣੀ ਦਿੱਤਾ ਗਿਆ ਅਤੇ ਦੂਸਰੇ ਇਕਰਾਰਨਾਮੇ ਅਧੀਨ 1920 ਵਿੱਚ ਗੰਗ ਨਹਿਰ ਰਾਹੀਂ ਬੀਕਾਨੇਰ ਰਿਆਸਤ ਨੂੰ ਪਾਣੀ ਮੁਹੱਈਆ ਕੀਤਾ ਗਿਆ। (ਹੱਕ-ਮਾਲਕਾਨਾ ਦਾ ਮਤਲਬ ਹੈ ਕਿ ਪੰਜਾਬ ਦੇ ਪਾਣੀਆਂ 'ਤੇ ਬਤੌਰ ਰਾਈਪੇਰੀਅਨ ਸਟੇਟ ਕੇਵਲ ਪੰਜਾਬ ਦਾ ਹੱਕ ਹੈ)।

ਯਾਦ ਰੱਖਣ ਯੋਗ ਹੈ ਕਿ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਦੇ ਪਾਣੀਆਂ ਦੇ ਸੰਦਰਭ ਵਿੱਚ ਦੋਨੋਂ, ਰਾਜਸਥਾਨ ਅਤੇ ਹਰਿਆਣਾ, ਗ਼ੈਰ-ਰਾਈਪੇਰੀਅਨ ਸੂਬੇ ਹਨ ਕਿਉਂਕਿ ਇਹ ਦਰਿਆ ਰਾਜਸਥਾਨ ਜਾਂ ਹਰਿਆਣੇ ਵਿੱਚ ਦੀ ਨਹੀਂ ਵਗਦੇ। ਫਿਰ ਪੰਜਾਬ ਦੇ ਪਾਣੀਆਂ ਤੇ ਇਹਨਾਂ ਦਾ ਕਾਹਦਾ ਹੱਕ? ਸਿਰਫ਼ 'ਤਕੜੇ ਦਾ ਸੱਤੀਂ ਵੀਹੀਂ ਸੌ' ਵਾਲੀ ਗੱਲ — ਏਹੀ ਨਾ ਕਿ ਦੇਸ਼ ਦਾ ਬਹੁਗਿਣਤੀ ਸਮਾਜ ਇਨ੍ਹਾਂ ਸੂਬਿਆਂ ਵਿੱਚ ਵਸਦਾ ਹੈ ਅਤੇ ਪੰਜਾਬ ਘੱਟਗਿਣਤੀ ਲੋਕਾਂ ਦਾ ਪ੍ਰਾਂਤ ਹੈ। ਦੋਨੋਂ, ਆਲਮੀ ਅਤੇ ਭਾਰਤੀ ਕਾਨੂੰਨ, ਪੰਜਾਬ ਦੇ ਰਾਈਪੇਰੀਅਨ ਹੱਕ ਦੇ ਅੰਗ ਸੰਗ ਹਨ। ਇਸੇ ਲਈ ਪਹਿਲੀਆਂ ਤੇ ਹੁਣ ਵਾਲੀ ਕੇਂਦਰ ਸਰਕਾਰ ਸੁਪਰੀਮ ਕੋਰਟ ਤੋਂ ਸਿੱਧੇ ਤੌਰ 'ਤੇ ਪੁੱਛਣ ਨੂੰ ਤਿਆਰ ਨਹੀਂ ਕਿ 'ਕੀ ਪੰਜਾਬ ਦੇ ਪਾਣੀਆਂ ਦੇ ਸੰਦਰਭ ਵਿੱਚ ਰਾਜਸਥਾਨ ਅਤੇ ਹਰਿਆਣਾ ਰਾਈਪੇਰੀਅਨ ਹਨ ਜਾਂ ਗ਼ੈਰ-ਰਾਈਪੇਰੀਅਨ ਪ੍ਰਾਂਤ ਹਨ'? ਯਾਦ ਰਹੇ ਕਿ 1980 ਵਿੱਚ ਸੁਪਰੀਮ ਕੋਰਟ ਨੇ ਪੰਜਾਬ ਵੱਲੋਂ ਸੰਵਿਧਾਨ ਦੀ ਧਾਰਾ 30 ਅਧੀਨ ਕੀਤੇ ਕੇਸ ਦਾ ਨਿਪਟਾਰਾ ਕਰਦਿਆਂ ਕੇਂਦਰ ਸਰਕਾਰ ਨੂੰ ਕਿਹਾ ਸੀ ਕਿ ਇਸ ਮੁੱਦੇ ਦੇ ਨਿਪਟਾਰੇ ਲਈ ਅੰਤਰਰਾਜੀ ਜਲ-ਵਿਵਾਦ ਕਨੂੰਨ-1956 ਅਧੀਨ ਟ੍ਰਿਬਿਊਨਲ ਦਾ ਗਠਨ ਕੀਤਾ ਜਾਵੇ ਜਿਸ ਦੀ ਮੰਤਵ ਵੀ ਇਹਨਾਂ ਪ੍ਰਾਂਤਾਂ ਵਿੱਚੋਂ ਰਾਈਪੇਰੀਅਨ ਤੇ ਗ਼ੈਰ ਰਾਈਪੇਰੀਅਨ ਪ੍ਰਾਂਤਾਂ ਦਾ ਨਿਪਟਾਰਾ ਹੀ ਸੀ।

ਆਲਮੀ ਪੱਧਰ 'ਤੇ ਅਪਣਾਏ ਅਤੇ ਸਤਿਕਾਰੇ ਜਾਂਦੇ ਰਾਈਪੇਰੀਅਨ ਕਾਨੂੰਨ ਦੀ ਅਹਿਮੀਅਤ ਇਸ ਵਿੱਚ ਹੈ ਕਿ ਆਲਮੀ ਨਿਆਂ-ਵਿਵਸਥਾ ਭਾਈਚਾਰੇ ਨੇ ਇਸ ਕਾਨੂੰਨ ਰਾਹੀਂ ਦਰਿਆਵਾਂ ਦੇ ਕੰਢਿਆਂ ਤੇ ਵੱਸਦੇ ਲੋਕਾਂ ਦੀ ਹਰ ਸਾਲ ਬਰਸਾਤੀ ਪਾਣੀ ਨਾਲ ਹੁੰਦੀ ਤਬਾਹੀ ਦੀ ਭਰਪਾਈ (compensate) ਕਰਨ ਲਈ ਕੇਵਲ ਤੇ ਕੇਵਲ ਉਨ੍ਹਾਂ ਦੇਸ਼ਾਂ/ਪ੍ਰਾਂਤਾਂ ਦਾ ਹੀ ਉਸ ਦਰਿਆ ਦੇ ਪਾਣੀ 'ਤੇ ਏਕਾਧਿਕਾਰ ਸਵਿਕਾਰਿਆ ਹੋਇਆ ਹੈ। ਭਾਵ ਜਿਸ ਵੀ ਦੇਸ਼/ਪ੍ਰਾਂਤ ਵਿੱਚੋਂ ਵਗ ਕੇ ਉਹ ਦਰਿਆ ਹਮੇਸ਼ਾ ਅਣਕਿਆਸਿਆ ਨੁਕਸਾਨ ਕਰਦਾ ਹੈ, ਉਸੇ ਦੇਸ਼/ਪ੍ਰਾਂਤ ਦੇ ਲੋਕਾਂ ਦਾ ਉਸ ਦੇ ਪਾਣੀਆਂ ਤੇ ਹੱਕ ਮਾਲਕਾਨਾ ਹੈ।

■

'ਪੰਜਾਬ ਪੁਨਰਗਠਨ ਕਾਨੂੰਨ 1966' ਦੀਆਂ ਧਾਰਾਵਾਂ 78, 79 ਅਤੇ 80 ਜਿਨ੍ਹਾਂ ਦੇ ਸੰਵਿਧਾਨ ਦੀ ਧਾਰਾ 226 ਵਿੱਚ ਕੀਤੀ ਵਿਵਸਥਾ ਦੇ ਮੱਦੇਨਜ਼ਰ ਗ਼ੈਰ-ਵਿਧਾਨਕ ਹੋਣ ਦੇ ਬਾਵਜੂਦ ਉਨ੍ਹਾਂ ਅਧੀਨ ਬਣਾਏ ਗਏ 'ਇਰਾਡੀ ਟ੍ਰਿਬਿਊਨਲ' ਦੀ ਜੋ ਤਲਵਾਰ ਤਕਰੀਬਨ ਪਿਛਲੇ ਦੋ ਦਹਾਕਿਆਂ ਤੋਂ ਲਮਕ ਰਹੀ ਹੈ (ਪੰਜਾਬ ਉਸ ਦੇ ਅੰਤ੍ਰਿਮ ਅਵਾਰਡ ਨੂੰ ਪਹਿਲਾਂ ਹੀ ਨਾਮਨਜ਼ੂਰ ਕਰ ਚੁੱਕਾ ਹੈ), ਦੇ ਫਾਈਨਲ ਅਵਾਰਡ ਨਾਲ ਪੰਜਾਬ ਨੂੰ ਕਾਨੂੰਨੀ ਚਾਰਾਜੋਈ ਤੋਂ ਵਾਂਝਿਆਂ ਕਰਨ ਲਈ ਕੇਂਦਰ ਸਰਕਾਰ ਨੇ 2002 ਵਿੱਚ 'ਅੰਤਰਰਾਜੀ ਜਲ ਵਿਵਾਦ ਕਾਨੂੰਨ 1956' ਵਿੱਚ ਇੱਕ ਹੋਰ ਅਹਿਮ ਤੇ ਖ਼ਤਰਨਾਕ ਸੋਧ ਕਰ ਕੇ, ਇਸ ਕਾਨੂੰਨ ਅਧੀਨ ਬਣਾਏ ਗਏ ਹਰ ਟ੍ਰਿਬਿਊਨਲ ਦੇ ਅਵਾਰਡ ਨੂੰ ਭਾਰਤ ਦੀ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਤੌਰ 'ਤੇ ਮਾਨਤਾ ਦੇ ਦਿੱਤੀ ਹੈ। ("The award of Tribunal would be considered a judgement of the Supreme Court.")

ਨਹਿਰੀ ਪਾਣੀ ਦੀ ਘਾਟ ਕਾਰਣ ਪਿਛਲੇ 50 ਸਾਲਾਂ ਤੋਂ ਪੰਜਾਬ ਦੀ ਕਿਰਸਾਨੀ ਨੇ ਆਪਣੀਆਂ ਫ਼ਸਲਾਂ ਲਈ ਪਾਣੀ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਕਰੀਬ ਅੱਠ ਲੱਖ ਟਿਊਬਵੈੱਲਾਂ ਰਾਹੀਂ ਅਤੇ ਸਰਕਾਰ ਵੱਲੋਂ ਪੀਣ ਯੋਗ ਤੇ ਤਕਨੀਕੀ ਇਕਾਈਆਂ ਆਦਿ ਨੂੰ ਪਾਣੀ ਮੁਹੱਈਆ ਕਰਨ ਲਈ ਮਜਬੂਰੀ ਵੱਸ ਜ਼ਮੀਨ ਹੇਠਲੇ ਪਾਣੀ ਦੀ ਅਸਾਧਾਰਨ ਵਰਤੋਂ (over-exploitation) ਕਰਨ ਕਾਰਣ ਅੱਜ ਪੰਜਾਬ ਪਾਣੀ ਦੇ ਪੱਖੋਂ ਉਜਾੜੇ ਦੀ ਕਗਾਰ 'ਤੇ ਖੜ੍ਹਾ ਹੈ ਕਿਉਂਕਿ ਇਸ ਦੀ ਸਾਰੀ ਆਰਥਿਕਤਾ ਪ੍ਰਮੁੱਖ ਤੌਰ 'ਤੇ ਖੇਤੀ 'ਤੇ ਨਿਰਭਰ ਹੈ ਅਤੇ ਖੇਤੀ ਪਾਣੀ 'ਤੇ। ਪਿੱਛੇ ਜਹੇ ਪੀ.ਏ.ਯੂ. ਲੁਧਿਆਣਾ ਦੇ ਵਿਗਿਆਨੀਆਂ ਵੱਲੋਂ ਕੀਤੇ ਗਏ ਇੱਕ ਅਧਿਅਨ "Efficient Management of Water Resources for Sustainable Cropping in Punjab" ਰਾਹੀਂ ਕੀਤੇ ਇੰਕਸ਼ਾਫ਼ ਦੱਸਦੇ ਹਨ ਕਿ ਪੰਜਾਬ ਦੇ 80% ਰਕਬੇ (ਵੱਖ ਵੱਖ ਭਾਗਾਂ) ਵਿੱਚ ਜ਼ਮੀਨੀ ਪਾਣੀ ਦੀ ਸਤਹ ਖ਼ਤਰਨਾਕ ਪੱਧਰ ਤੱਕ ਨੀਵੀਂ ਜਾ ਚੁੱਕੀ ਹੈ ਅਤੇ ਇਹ ਵਰਤਾਰਾ ਬਾਦਸਤੂਰ ਜਾਰੀ ਹੈ।

**ਕੇਂਦਰੀ ਪੰਜਾਬ ਦੇ ਵੱਖ ਵੱਖ ਬਲੌਕਾਂ ਵਿੱਚ ਜ਼ਮੀਨੀ ਪਾਣੀ ਦੀ ਸਤਹ:**

| ਕ੍ਰਮਾਂਕ | ਜ਼ਿਲ੍ਹਾ | ਬਲਾਕ | ਪਾਣੀ ਦੀ ਸਤਹ (ਮੀਟਰਾਂ 'ਚ) |
|---|---|---|---|
| 1. | ਕਪੂਰਥਲਾ | ਸੁਲਤਾਨਪੁਰ | 19.0 |
| 2 . | ਗੁਰਦਾਸਪੁਰ | ਸ੍ਰੀ ਹਰਗੋਬਿੰਦਪੁਰ | 18.2 |
| 3. | ਸੰਗਰੂਰ | ਬਰਨਾਲਾ | 27.6 |
| 4. | ਜਲੰਧਰ | ਸ਼ਾਹਕੋਟ | 26.6 |
| 5. | ਪਟਿਆਲਾ | ਭੁੱਨਰਹੇੜੀ | 24.9 |
| 6. | ਅੰਮ੍ਰਿਤਸਰ | ਵੇਰਕਾ | 22.6 |
| 7. | ਲੁਧਿਆਣਾ | ਲੁਧਿਆਣਾ | 21.5 |

ਉਪਰੋਕਤ ਸਾਰਣੀ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਉਣ ਵਾਲੇ ਦਿਨ ਪੰਜਾਬ ਲਈ ਤਬਾਹੀ ਸੰਜੋਈ ਬੈਠੇ ਹਨ। ਪਾਣੀ ਦੀ ਸਤਹ ਲਗਾਤਾਰ ਹੇਠਾਂ ਜਾਣ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਪਾਣੀ ਦੀ ਸਹੀ ਮਿਕਦਾਰ ਹਾਸਲ ਕਰਨ ਲਈ ਆਪਣੇ ਸਾਧਾਰਨ ਟਿਊਬਵੈੱਲਾਂ ਨੂੰ ਨਵਿਆ ਕੇ ਸਬ-ਮਰਸੀਬਲ ਪੰਪ ਲਗਾਉਣੇ ਪੈਣਗੇ ਜਿਸ 'ਤੇ ਸਮੁੱਚੇ ਤੌਰ 'ਤੇ ਅਨੁਮਾਨਤ 3000 ਕਰੋੜ ਰੁਪਏ ਪੰਜਾਬ ਦੀ ਕਿਰਸਾਨੀ ਨੂੰ ਖਰਚਣੇ ਪੈਣਗੇ। ਇਸ ਤੋਂ ਇਲਾਵਾ ਟਿਊਬਵੈੱਲਾਂ ਦੀ ਡੂੰਘਾਈ ਵਧਣ ਕਾਰਣ ਵਿਗਿਆਨੀਆਂ ਦਾ ਮੱਤ ਹੈ ਕਿ 2001 ਦੇ ਮੁਕਾਬਲੇ 'ਚ 2005 ਵਿੱਚ ਪੰਜਾਬ ਦੀ ਬਿਜਲੀ ਦੀ ਜ਼ਰੂਰਤ ਵਿੱਚ 20% ਦਾ ਵਾਧਾ ਕੇਵਲ ਇਸੇ ਕਾਰਣ ਹੀ ਹੋ ਜਾਵੇਗਾ ਜਦੋਂ ਕਿ ਅਸੀਂ ਦੇਖਦੇ ਹਾਂ ਕਿ ਪਹਿਲਾਂ ਹੀ ਹਰ ਵਾਰੀ ਹਾੜ੍ਹੀ, ਸਾਉਣੀ ਦੀਆਂ ਫ਼ਸਲਾਂ ਸਮੇਂ ਪੰਜਾਬ ਨੂੰ ਕੇਂਦਰੀ ਸੋਰਤਾਂ ਤੋਂ ਜਾਂ ਦੂਸਰੇ ਪ੍ਰਾਂਤਾਂ ਤੋਂ ਬਿਜਲੀ ਨਕਦ ਭੁਗਤਾਨ ਰਾਹੀਂ ਖਰੀਦਣੀ ਪੈਂਦੀ ਹੈ। 'ਪੰਜਾਬ ਰਾਜ ਬਿਜਲੀ ਬੋਰਡ' ਨੇ ਕ੍ਰਮਵਾਰ ਸਾਲ 2003-04 ਅਤੇ 2004-05 ਵਿੱਚ ਕੇਂਦਰੀ ਸਰੋਤਾਂ ਤੇ ਦੂਸਰੇ ਰਾਜਾਂ ਤੋਂ 620 ਅਤੇ 904 ਕਰੋੜ ਰੁਪਏ ਦੀ ਬਿਜਲੀ ਖਰੀਦ ਕੇ ਟਿਊਬਵੈੱਲ ਚਾਲੂ ਰੱਖੇ ਤਾਂ ਜੋ ਪੰਜਾਬ ਦਾ ਕਿਸਾਨ ਤਬਾਹੀ ਤੋਂ ਬਚ ਸਕੇ ਅਤੇ ਕੇਂਦਰੀ ਅੰਨ ਭੰਡਾਰ ਨੂੰ ਵੀ ਬਰਕਰਾਰ ਰੱਖਿਆ ਜਾ ਸਕੇ। ਅਧਿਅਨ ਵਿੱਚ ਇਹ ਵੀ ਇੰਕਸ਼ਾਫ਼ ਕੀਤਾ ਗਿਆ ਹੈ ਕਿ ਪੰਜਾਬ ਦੀ ਪਾਣੀ ਦੀ ਜ਼ਰੂਰਤ 4.40 ਐਮ.ਐਚ.ਐਮ. (201960000 ਲੱਖ ਏ.ਐਫ਼) ਹੈ ਜਦੋਂ ਕਿ ਦਰਿਆਈ ਅਤੇ ਜ਼ਮੀਨੀ ਪਾਣੀ ਕੇਵਲ 3.13 ਐਮ.ਐਚ.ਐਮ (143667000 ਲੱਖ ਏਕੜ ਫੁੱਟ) ਹੀ ਉਪਲਬਧ ਹੈ। ਇਸ ਤਰ੍ਹਾਂ ਪੰਜਾਬ 1.27 ਐਮ.ਐਚ.ਐਮ. (58290000 ਲੱਖ ਏਕੜ ਫੁੱਟ) ਪਾਣੀ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਕਿਉਂਕਿ ਸਬ-ਮਰਸੀਬਲ ਪੰਪ ਲਗਾ ਸਕਣਾ ਕਰਜ਼ੇ ਹੇਠ ਦੱਬੇ ਹਰ ਛੋਟੇ ਕਿਸਾਨ (marginal farmers) ਦੇ ਵੱਸ ਤੋਂ ਬਾਹਰ ਹੈ। ਇਸ ਤਰ੍ਹਾਂ ਬਹੁਤਾਤ ਵਿੱਚ ਟਿਊਬਵੈੱਲਾਂ ਤੋਂ ਪਾਣੀ ਦੀ ਘੱਟ ਮਿਕਦਾਰ ਮਿਲਣ ਕਾਰਣ ਪੰਜਾਬ ਵਿੱਚ ਪਾਣੀ ਦਾ ਘਾਟਾ ਹੋਰ ਵੀ ਵਿਕਰਾਲ ਰੂਪ ਧਾਰਨ ਕਰ ਸਕਦਾ ਹੈ।

ਮਾਲਕ ਬੂੰਦ ਬੂੰਦ ਪਾਣੀ ਨੂੰ ਤਰਸ ਰਹੇ ਹਨ ਅਤੇ ਬਿਗਾਨੇ (ਰਾਜਸਥਾਨ ਤੇ ਹਰਿਆਣਾ) ਬਹੁਗਿਣਤੀ ਦੀ ਧੌਂਸ ਨਾਲ ਪਾਣੀ ਹਥਿਆਈ ਬੈਠੇ ਹਨ। ਇੱਥੇ ਇਹ ਦੱਸਣਾ ਕੁਥਾਂਵੇਂ ਨਹੀਂ ਹੋਵੇਗਾ ਕਿ

ਹਰਿਆਣੇ ਵਿੱਚ ਖੇਤੀ ਅਧੀਨ ਕੇਵਲ 45 ਲੱਖ ਏਕੜ ਰਕਬੇ ਦੀ ਆਬਪਾਸ਼ੀ ਲਈ 143.8 ਲੱਖ ਏਕੜ ਫੁੱਟ ਪਾਣੀ ਉਪਲਬਧ ਹੈ। ਇਹ ਪਾਣੀ ਹਰਿਆਣੇ ਨੂੰ ਪੰਜਾਬ 'ਚੋਂ, ਜਮੁਨਾ 'ਚੋਂ, ਘੱਗਰ ਦਰਿਆ 'ਚੋਂ ਅਤੇ ਨਰਵਾਣਾ ਬਰਾਂਚ ਤੋਂ ਮੁਹਈਆ ਹੁੰਦਾ ਹੈ। ਜਦੋਂ ਕਿ ਪੰਜਾਬ ਦੇ ਖੇਤੀ ਅਧੀਨ 84 ਲੱਖ ਏਕੜ ਰਕਬੇ ਲਈ ਕੇਵਲ 144 ਲੱਖ ਏਕੜ ਫੁੱਟ ਪਾਣੀ ਹੀ ਉਪਲਬਧ ਹੈ। ਕਾਸ਼! ਉਪਰੋਕਤ ਸਥਿਤੀ ਸਬੰਧੀ ਕੇਂਦਰੀ ਸਰਕਾਰ, ਰਾਜਨੀਤਕ ਪਾਰਟੀਆਂ, ਨਿਆਂਪਾਲਿਕਾ, ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਵਿੱਚੋਂ ਕਿਸੇ ਨੇ ਵੀ ਸਾਕਾਰਾਤਮਕ ਦ੍ਰਿਸ਼ਟੀਕੋਣ ਅਪਣਾਇਆ ਹੁੰਦਾ।

ਸਗੋਂ ਇਸ ਦੇ ਉਲਟ ਹਰ ਮਰਹਲੇ 'ਤੇ ਉਪਲਬਧ ਸਾਰੇ ਬਦਲ (ਰਾਜਨੀਤਕ/ਇੰਤਜ਼ਾਮੀਆ/ਅਦਾਲਤੀ) ਇੱਕ ਇੱਕ ਕਰ ਕੇ ਲੱਗਦੀ ਵਾਹ ਰੋਕ ਦਿੱਤੇ ਗਏ। ਚੌਤਰਫ਼ੇ ਪਸਰੇ ਹਨੇਰੇ 'ਚ ਹੱਥ ਪੈਰ ਮਾਰਦਿਆਂ ਪੰਜਾਬ ਦੇ ਕਾਨੂੰਨੀ ਮਸ਼ੀਰਾਂ ਨੂੰ ਰੌਸ਼ਨੀ ਦੀ ਕਿਰਣ ਨਜ਼ਰ ਆਈ ਭਾਰਤੀ ਕਾਨੂੰਨ ਨੂੰ ਡਰਾਫਟ ਕਰਨ ਵਾਲੀ ਜੇ.ਪੀ.ਸੀ. ਦੀਆਂ ਰਿਪੋਰਟਾਂ ਵਿੱਚ, ਜਿੱਥੇ ਕਿ ਅੰਤਰਰਾਜੀ ਜਲ ਵਿਵਾਦਾਂ ਬਾਰੇ ਇਉਂ ਲਿਖਿਆ ਹੈ, "The effect is to give each province complete powers over water supplies within the province without any regard, whatsoever to the interest of neighbouring provinces"। ਭਾਵੇਂ 'ਪੰਜਾਬ ਪੁਨਰਗਠਨ ਕਾਨੂੰਨ 1966' ਦੀਆਂ ਧਾਰਾਵਾਂ 78, 79 ਅਤੇ 80 ਰਾਹੀਂ ਪੰਜਾਬ ਨੂੰ ਲਗਭਗ ਸਾਹ ਸਤ ਹੀਣ ਕਰਨ ਦੀ ਪੂਰੀ ਚਾਲ ਚੱਲੀ ਹੋਈ ਸੀ ਪਰ 'ਹਾਸ਼ਮ ਫਤਹਿ ਨਸੀਬ ਉਨ੍ਹਾਂ ਨੂੰ, ਜਿਨ੍ਹਾਂ ਹਿੰਮਤ ਯਾਰ ਬਣਾਈ'। ਪੰਜਾਬ 'ਤੇ ਆਉਣ ਵਾਲੀ ਰੇਗਸਤਾਨ ਰੂਪੀ ਤਰਾਸਦੀ ਨੂੰ ਠੱਲ੍ਹ ਪਾਉਣ ਲਈ ਪੰਜਾਬ ਵਿਧਾਨ ਸਭਾ ਨੇ 12 ਜੁਲਾਈ 2004 ਨੂੰ ਸਰਬ ਸੰਮਤੀ ਨਾਲ ਬਿੱਲ ਨੰ. 21-ਪੀ.ਐਲ.ਏ-2004 ਰਾਹੀਂ 'ਪੰਜਾਬ ਟਰਮੀਨੇਸ਼ਨ ਔਫ਼ ਐਗਰੀਮੈਂਟਸ ਬਿੱਲ 2004' ਪਾਸ ਕਰ ਦਿੱਤਾ ਜਿਸ ਅਨੁਸਾਰ 1981 ਤੋਂ ਬਾਅਦ ਦੇ ਪੰਜਾਬ ਦੇ ਪਾਣੀਆਂ ਦੇ ਸਾਰੇ ਗ਼ੈਰ ਵਿਧਾਨਕ ਸਮਝੌਤੇ ਮੁੱਢੋਂ ਹੀ ਰੱਦ ਕਰ ਦਿੱਤੇ ਗਏ। ਪੰਜਾਬ ਦੇ ਦਰਿਆਈ ਪਾਣੀਆਂ ਦੀ ਗ਼ੈਰ-ਵਿਧਾਨਕ ਵੰਡ ਹਰ ਹੀਲੇ ਕਾਇਮ ਰੱਖਣ ਲਈ ਕੇਂਦਰੀ ਸਰਕਾਰ ਵੱਲੋਂ ਰਚੇ ਗਏ ਚੱਕਰਵਿਊ ਵਿੱਚੋਂ ਨਿਕਲਣ ਲਈ ਪੰਜਾਬ ਕੋਲ ਇੱਕੋ ਇੱਕ ਏਹੀ ਰਸਤਾ ਸੀ ਕਿ ਸੰਵਿਧਾਨ ਵਿੱਚ ਸੂਬਾਈ ਅਸੰਬਲੀਆਂ ਨੂੰ ਦਿੱਤੇ ਅਧਿਕਾਰਾਂ ਰਾਹੀਂ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ, ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ — ਖੇਤੀ — ਲਈ ਲੋੜੀਂਦੇ ਪਾਣੀ ਦੀ ਲੁੱਟ ਤੋਂ ਪੰਜਾਬ ਨੂੰ ਨਿਜ਼ਾਤ ਦਿਵਾਈ ਜਾਏ। ਇਹ ਬਿੱਲ ਕੇਵਲ ਤੇ ਕੇਵਲ ਪੰਜਾਬ ਦੇ ਹਿਤਾਂ ਦੀ ਸੁਰੱਖਿਆ ਕਰਦਾ ਹੈ, ਇਸ ਤੋਂ ਵੱਧ ਕੁਝ ਵੀ ਨਹੀਂ।

ਪੰਜਾਬ ਨੇ ਆਪਣੇ ਸਾਧਨਾਂ (ਦਰਿਆਈ ਪਾਣੀ) ਦੀ ਲੁੱਟ ਨੂੰ ਕੀ ਰੱਦ ਕਰ ਦਿੱਤਾ, ਬਹੁਗਿਣਤੀ ਸਮਾਜ ਦੇ ਠੇਕੇਦਾਰਾਂ ਨੇ ਸਾਰੇ ਦੇਸ਼ ਵਿੱਚ ਹੁੜਦੰਗ ਮਚਾ ਦਿੱਤਾ। ਪਾਰਲੀਮੈਂਟ ਦੇ ਅੰਦਰ ਤੇ ਬਾਹਰ ਭਾਰਤੀ ਜਨਤਾ ਪਾਰਟੀ ਤੇ ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰਾਂ ਨੇ ਜਾਣੋਂ ਤਾਂਡਵ ਨਾਚ ਨੱਚਿਆ — ਪੰਜਾਬ ਦੀ ਸ਼ਾਨ 'ਚ ਹਰ ਬੁਰਾ ਲਫ਼ਜ਼ ਵਰਤਿਆ ਗਿਆ। ਸ਼ਰਮ ਮਗਰ ਹਮ ਕੋ ਆਤੀ ਨਹੀਂ! ਪੰਜਾਬ ਦੇ ਡੇਢ ਦਰਜਨ ਚਿੱਟੇ, ਨੀਲੇ ਅਤੇ ਭਗਵੇਂ ਕਬੂਤਰ ਡੌਰ-ਭੌਰ ਹੋਏ ਤਮਾਸ਼ਾ ਦੇਖਦੇ ਰਹੇ। ਵਾਹ ਬਈ ਵਾਹ ਪੰਜਾਬ ਦੇ ਗੂੰਗੇ ਪਹਿਲਵਾਨਾਂ ਦੇ! ਪੰਜਾਬੀ ਅਖਬਾਰ 'ਦੇਸ਼ ਸੇਵਕ' ਨੇ ਤਾਂ ਸਾਫ਼ ਹੀ ਲਿਖ ਦਿੱਤਾ, "ਪਾਣੀਆਂ ਦੇ ਮਾਮਲੇ 'ਤੇ ਪੰਜਾਬ ਦੇ ਐਮ. ਪੀ. ਵਿਉਂਤਬੱਧ ਢੰਗ ਨਾਲ ਜਵਾਬ ਦੇਣ 'ਚ ਅਸਫਲ"।

ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਤਾਂ ਬਾਦਲਕਿਆਂ ਨੂੰ ਪੰਜਾਬ ਦੇ ਹਿਤਾਂ ਨਾਲ ਗੱਦਾਰੀ ਕਰਨ ਲਈ ਖੁੱਲ੍ਹੇਆਮ ਉਕਸਾਉਂਦਿਆਂ ਆਖਿਆ ਕਿ ਅਕਾਲੀ ਦਲ ਇਸ ਬਿੱਲ ਤੋਂ ਹਮਾਇਤ ਵਾਪਸ ਲੈ ਲਵੇ।

ਸਾਬਕਾ ਉਪ-ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਸਪਸ਼ਟ ਕਿਹਾ ਕਿ ਬੀ.ਜੇ.ਪੀ ਇਸ ਮੁੱਦੇ 'ਤੇ ਪੰਜਾਬ ਦਾ ਸਾਥ ਨਹੀਂ ਦੇਵੇਗੀ। ਉਸ ਨੇ ਪੰਜਾਬ ਬੀ.ਜੇ.ਪੀ. ਨੂੰ ਇਸ ਮੁੱਦੇ 'ਤੇ ਹਮਾਇਤ ਨਾ ਕਰਨ ਦੇ ਆਦੇਸ਼ ਵੀ ਦਿੱਤੇ।

ਅਸ਼ਕੇ ਜਾਈਏ ਬਾਦਲਕਿਆਂ ਦੇ! ਸਭ ਕੁਝ ਜਰ ਗਏ ਦੜ ਵੱਟ ਕੇ ਪਰ ਬੀ.ਜੇ.ਪੀ. ਨਾਲੋਂ ਨਾਤਾ ਨਹੀਂ ਤੋੜਿਆ। ਕਿਉਂਕਿ ਪੰਜਾਬ ਦੇ ਉੱਜਲ ਭਵਿੱਖ ਨਾਲੋਂ ਆਪਣਾ ਨਿੱਜੀ ਅਤੇ ਖਾਨਦਾਨ ਦਾ ਉੱਜਲ ਭਵਿੱਖ ਜ਼ਿਆਦਾ ਪਿਆਰਾ ਹੈ ਅਤੇ ਉਸ ਨੂੰ ਹਥਿਆਉਣ ਲਈ ਔਖੇ ਵੇਲੇ ਭਗਵੇਂ ਕਬੂਤਰ ਹੀ ਤਾਂ ਕੰਮ ਆਉਣੇ ਹਨ।

ਸਾਬਕਾ ਕੇਂਦਰੀ ਮੰਤਰੀ ਜਸਵੰਤ ਸਿੰਘ, ਹਰਿਆਣਾ ਦੇ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀਆਂ ਵੱਲੋਂ ਪੰਜਾਬ ਨੂੰ ਖ਼ਲਨਾਇਕ ਵਜੋਂ ਪੇਸ਼ ਕਰ ਕੇ ਇੱਕ ਵਾਰੀ ਫਿਰ 'ਤਸ਼ੱਦਦ' ਵਾਲਾ ਮਾਹੌਲ ਸਿਰਜਣ ਦੀ ਦਿਸ਼ਾ ਵਿੱਚ ਚੁਕੇ ਕਦਮ ਅਣਲੁੜੀਂਦੇ ਹਨ। ਲੱਗਦਾ ਏਹੀ ਹੈ ਕਿ ਅੱਸੀਵਿਆਂ ਦੇ ਕਾਲ ਚੱਕਰ ਨੂੰ ਦੁਹਰਾ ਕੇ ਇਹ ਲੋਕ ਫਿਰ ਪੰਜਾਬ ਨੂੰ ਨਪੀੜ ਕੇ ਪਾਣੀਆਂ ਦੀ ਪਾਈ ਲੁੱਟ ਦੇ ਮੁੱਦੇ ਨੂੰ ਜਿਉਂ ਦਾ ਤਿਉਂ ਹੀ ਰੱਖਣਾ ਚਾਹੁੰਦੇ ਹਨ।

■

ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਬਹੁਤ ਸਾਰਾ ਪ੍ਰਿੰਟ ਤੇ ਇਲੈਕਟ੍ਰੌਨਿਕ ਮੀਡੀਆ ਇਸ ਵਾਰੀ ਵੀ ਦਿਆਨਤਦਾਰੀ ਅਤੇ ਨਿਰਪੱਖਤਾ ਦਾ ਸਬੂਤ ਨਹੀਂ ਦੇ ਰਿਹਾ। ਮੁੱਦੇ ਦੀ ਗਹਿਰਾਈ ’ਚ ਜਾਣ ਤੋਂ ਬਗ਼ੈਰ ਹੀ ਇੱਕਪਾਸੜ ਤੇ ਤੌਖਲੇ ਭਰਪੂਰ ਵਿਆਖਿਆਵਾਂ ਆਏ ਦਿਨ ਪੜ੍ਹਨ ਨੂੰ ਮਿਲ ਰਹੀਆਂ ਹਨ ਜਿਵੇਂ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਪੰਜਾਬ ਟਰਮੀਨੇਸ਼ਨ ਔਫ਼ ਐਗਰੀਮੈਂਟਸ ਬਿੱਲ 2004 ਨਾਲ ‘ਸਾਰੇ ਦੇਸ਼ ਵਿੱਚ ਖਲਬਲੀ ਮੱਚ ਗਈ ਹੈ’, ‘ਪੰਜਾਬ ਸਾਰੇ ਦੇਸ਼ ਨਾਲ ਟਕਰਾਉ ’ਤੇ ਆ ਗਿਆ ਹੈ’, ‘ਕਈ ਸੂਖਮ ਸੰਵਿਧਾਨਕ ਸਮੱਸਿਆਵਾਂ ਉੱਭਰ ਕੇ ਸਾਹਮਣੇ ਆਈਆਂ ਹਨ’, ‘ਦੇਸ਼ ਦੇ ਸੰਘੀ ਢਾਂਚੇ ਲਈ ਬਹੁਤ ਵੱਡਾ ਖਤਰਾ’, ‘ਸੂਬੇ ਦੇ ਗਵਰਨਰ ਦੇ ਰੋਲ ’ਤੇ ਵੀ ਕਿੰਤੂ’, ‘ਕੀ ਪ੍ਰਦੇਸ਼ਕ ਵਿਧਾਨ ਸਭਾਵਾਂ ਅੰਤਰਰਾਜੀ ਮਾਮਲਿਆਂ ਬਾਰੇ ਸਮਝੌਤੇ ਆਪਣੇ ਆਪ ਰੱਦ ਕਰਨ ਲਈ ਸਰਬ ਸਮਰੱਥ ਹਨ ?’, ‘ਅਗਰ ਦੂਸਰੀ ਧਿਰ ਇਸ ਤਰ੍ਹਾਂ ਦੇ ਫ਼ੈਸਲੇ ਦੇ ਵਿਰੁੱਧ/ਉਲਟ ਬਿੱਲ ਪਾਸ ਕਰ ਦੇਵੇ ਤਾਂ ਕੀ ਬਣੇਗਾ ?’, ‘ਇਸ ਬਿੱਲ ਨੇ ਨਾ ਕੇਵਲ ਪਾਰਲੀਮੈਂਟ ਸਗੋਂ ਸੁਪਰੀਮ ਕੋਰਟ ਲਈ ਵੀ ਉਲਝਣਾਂ ਖੜ੍ਹੀਆਂ ਕਰ ਦਿੱਤੀਆਂ ਹਨ, ਇਸ ਨਾਲ ਸੁਪਰੀਮ ਕੋਰਟ ਦਾ 4 ਜੂਨ 2004 ਦਾ ਫ਼ੈਸਲਾ ਹੀ ਨਹੀਂ ਸਗੋਂ ਪਾਰਲੀਮੈਂਟ ਵਲੋਂ ਅੰਤਰਰਾਜੀ ਜਲ ਵਿਵਾਦ ਕਾਨੂੰਨ 1956 ਵਿੱਚ ਸੋਧ ਕਰ ਕੇ ਪਾਈ ਮੱਦ 14, ਰਾਜੀਵ-ਲੌਂਗੋਵਾਲ ਸਮਝੌਤਾ ਅਤੇ ਮੈਡਮ ਗਾਂਧੀ ਦੇ ਸਾਰੇ ਐਵਾਰਡ ਨਿਰਾਰਥਕ ਕਰ ਛੱਡੇ ਹਨ’, ‘ਇਸੇ ਤੋਂ ਸ਼ਹਿ ਲੈ ਕੇ ਕੱਲ੍ਹ ਨੂੰ ਕੋਈ ਵੀ ਸਰਹੱਦੀ ਪ੍ਰਾਂਤ ਆਪਣੇ ਲਈ ਵਿਆਪਕ ਖ਼ੁਦਮੁਖ਼ਤਾਰੀ ਦਾ ਬਿੱਲ ਵੀ ਪਾਸ ਕਰ ਸਕਦਾ ਹੈ’ ਇਤਿਆਦਿ ਇਤਿਆਦਿ।

ਸਾਫ਼ ਨਜ਼ਰ ਆ ਰਿਹਾ ਹੈ ਕਿ ਕਿਸ ਤਰ੍ਹਾਂ ਅਸਲ ਮੁੱਦੇ ਨੂੰ ਉਸ ਦੇ ਸੰਦਰਭ (context) ਤੋਂ ਨਿਖੇੜ ਕੇ ਬਿਮਾਰ ਮਾਨਸਿਕਤਾ ਦੇ ਸ਼ਿਕਾਰ ਹੋਏ ਭਰਾਵਾਂ ਨੇ ਤਰਕ ਵਿਹੂਣੀਆਂ ਟਿੱਪਣੀਆਂ ਕਰਦਿਆਂ ਸ਼ੇਖਚਿਲੀ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਜਿਵੇਂ ਪਹਿਲਾਂ ਵੀ ਲਿਖਿਆ ਹੈ ਕਿ ਪੰਜਾਬ ਵਿਧਾਨ ਸਭਾ ਨੇ ਬਿਲਕੁਲ ਸੰਵਿਧਾਨ ’ਚ ਪ੍ਰਾਪਤ ਅਧਿਕਾਰਾਂ ਦੀ ਸਾਰਥਕ ਵਰਤੋਂ ਕਰਦਿਆਂ ਪਾਣੀ ਦੇ ਮੁੱਦੇ ’ਤੇ ਭਾਰਤੀ ਕਾਨੂੰਨ ਨੂੰ ਡਰਾਫਟ ਕਰਨ ਵਾਲੀ ਜੇ.ਪੀ.ਸੀ. ਦੀਆਂ ਰਿਪੋਰਟਾਂ ਵਿੱਚੋਂ ਅੰਤਰਰਾਜੀ ਜਲ ਵਿਵਾਦਾਂ ਬਾਰੇ ਪ੍ਰਗਟਾਏ ਵਿਚਾਰਾਂ ਦੀ ਰੌਸ਼ਨੀ ਵਿੱਚ ਹੀ ‘ਪੰਜਾਬ ਟਰਮੀਨੇਸ਼ਨ ਔਫ਼ ਐਗਰੀਮੈਂਟਸ ਬਿੱਲ 2004’ ਪਾਸ ਕੀਤਾ ਹੈ। ਇਸ ਕਾਨੂੰਨ ਦੇ ਪਾਸ ਹੋਣ ਨਾਲ ਨਾ ਸਿਰਫ ਦੇਸ਼ ਦੇ ਸੰਘੀ ਢਾਂਚੇ ਨੂੰ ਮਜ਼ਬੂਤੀ ਹੀ ਮਿਲੀ ਹੈ, ਸਗੋਂ ਇੰਦਰਾ ਗਾਂਧੀ ਵੱਲੋਂ ਸੰਵਿਧਾਨ ਤੋਂ ਬਾਹਰੇ ਅਤੇ ਗ਼ੈਰ ਨਿਆਂਇਕ ਤਰੀਕਾਕਾਰ ਰਾਹੀਂ ਸੰਘੀ ਢਾਂਚੇ ਵਿੱਚ ਲਿਆਂਦੀ ਕਮਜ਼ੋਰੀ ਵੀ ਦੂਰ ਹੋਈ ਹੈ। ਏਨਾਂ ਹੀ ਨਹੀਂ, ਕੇਂਦਰ ਸਰਕਾਰ ਵੱਲੋਂ ਪ੍ਰਾਂਤਾਂ ਦੇ ਵਿਵਾਦਾਂ ਵਿੱਚ ਦਿੱਤੇ ਬੇਲੋੜੇ ਅਤੇ ਪੱਖਪਾਤੀ ਦਖ਼ਲ ਨਾਲ ਆਏ ਵਿਧਾਨਕ ਨਿਘਾਰ ਦਾ ਵੀ ਅੰਤ ਕਰ ਦਿੱਤਾ ਹੈ।

ਬੜੇ ਅਫ਼ਸੋਸ ਦੀ ਗੱਲ ਹੈ ਕਿ ਉਤਰਾਂਚਲ ਅਤੇ ਉੱਤਰ ਪ੍ਰਦੇਸ਼ ਦੇ ਸੀਮਾ ਵਿਵਾਦ ਦੇ ਸਬੰਧ ਵਿੱਚ ਯੂ.ਪੀ. ਵਿਧਾਨ ਸਭਾ ਨੇ 2 ਅਗਸਤ 2004 ਨੂੰ ਇੱਕ ਬਿੱਲ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਹਰਦਵਾਰ ਅਤੇ ਊਧਮ ਸਿੰਘ ਨਗਰ ਦੇ ਦੋਨੋਂ ਜ਼ਿਲ੍ਹਿਆਂ ਨੂੰ ਉੱਤਰ ਪ੍ਰਦੇਸ਼ ਨੂੰ ਤੁਰੰਤ ਵਾਪਸ ਕਰੇ। ਕੀ ਇਹ ਅੰਤਰਰਾਜੀ ਵਿਵਾਦ ਵਾਲਾ ਮਸਲਾ ਨਹੀਂ ? ਕੀ ਇਸ ਨਾਲ ਸੰਵਿਧਾਨਕ ਸਮੱਸਿਆ ਨਹੀਂ ਉਪਜੀ ? ਕੀ ਇਸ ਨਾਲ ਸੰਘੀ ਢਾਂਚਾ ਮਜ਼ਬੂਤ ਹੋਇਆ ਹੈ ? ਕੇਂਦਰੀ ਸਰਕਾਰ ਅਤੇ ਕੌਮੀ ਪ੍ਰੈੱਸ ਕੋਲ ਇਸ ਦਾ ਕੀ ਜਵਾਬ ਹੈ ? ਇਸ ਬਿੱਲ ਦੇ ਪਾਸ ਹੋਣ ਨਾਲ ਉਨ੍ਹਾਂ ਦੀਆਂ ਕਲਮਾਂ ਕਿਉਂ ਰੁਕ ਗਈਆਂ ? ਇਸ ਮੁੱਦੇ ਬਾਰੇ ਪ੍ਰੈੱਸ ਤੇ ਇਲੈਕਟ੍ਰੌਨਿਕ ਮੀਡੀਏ ਨੇ ਕਿਹੜੇ ਕਾਰਣਾਂ ਕਰਕੇ ਬਲੈਕ ਆਊਟ ਹੀ ਕਰ ਦਿੱਤਾ ? ਸ਼ਾਇਦ ਇਸ ਲਈ ਕਿ ਇਹ ਮਾਮਲਾ ਬਹੁਗਿਣਤੀ ਫਿਰਕੇ (majority community) ਦੇ ਦੋ ਪ੍ਰਾਂਤਾਂ ਤੇ ਹਿੰਦੀ ਭਾਸ਼ਾਈ ਬੈਲਟ ਦਾ ਸੀ ।

ਇੱਥੇ ਹੀ ਬੱਸ ਨਹੀਂ, ਕੀ ਸਾਡੇ ਪ੍ਰੈੱਸ ਵਾਲੇ ਭਰਾ ਦੱਸਣ ਦੀ ਖੇਚਲ ਕਰਨਗੇ ਕਿ ਕੇਂਦਰ ਸਰਕਾਰ ਵੱਲੋਂ ਆਰਮਡ ਫੋਰਸ ਸਪੈਸ਼ਲ ਪਾਵਰ ਕਾਨੂੰਨ ਤਹਿਤ ਮਨੀਪੁਰ ਨੂੰ ਡਿਸਟਰਬਡ ਏਰੀਆ ਐਲਾਨਿਆ ਹੋਣ ਦੇ ਬਾਵਜੂਦ ਉੱਥੋਂ ਦੀ ਸਰਕਾਰ ਨੇ ਆਪਣੇ ਤੌਰ ’ਤੇ ਹੀ ਉਸ ਕਾਨੂੰਨ ਨੂੰ ਅੰਸ਼ਕ ਰੂਪ ’ਚ ਪ੍ਰਭਾਵਹੀਣ ਐਲਾਨ ਦੇਣਾ ਆਪਣੇ ਆਪ ਵਿੱਚ ਹੀ ਦੇਸ਼ ਦੀ ਸੁਰੱਖਿਆ ਨਾਲ ਖਿਲਵਾੜ ਨਹੀਂ ਹੈ ? ਉਸ ਪ੍ਰਤੀ ਤੁਹਾਡੀਆ ਕਲਮਾਂ ਵੱਲੋਂ ਸੰਵਿਧਾਨ ਦੇ ਖ਼ਤਰੇ, ਸੰਘੀ ਢਾਂਚੇ ਬਾਰੇ ਫਿਕਰਮੰਦੀ ਦੇ ਮਰਸੀਏ ਕਿਉਂ ਨਹੀਂ ਗਾਏ ਗਏ ?

ਇੱਕ ਕਾਲਮਨਵੀਸ ਲਿਖਦਾ ਹੈ: ‘ਅਗਰ ਉੜੀਸਾ, ਝਾਰਖੰਡ ਅਤੇ ਛੱਤੀਸਗੜ੍ਹ ਪ੍ਰਾਂਤ ਪੰਜਾਬ ਦੀ ਤਰਜ਼ ’ਤੇ ਫ਼ੈਸਲਾ ਕਰ ਲੈਣ ਕਿ ਉਹ ਆਇਰਨ-ਓਰ, ਸਟੀਲ, ਮੈਗਨੀਜ਼, ਅਲਮੂਨੀਅਮ ਆਦਿ; ਆਸਾਮ ਪੈਟਰੋਲ ਅਤੇ ਪੈਟਰੋਲੀਅਮ ਵਸਤਾਂ ਅਤੇ ਮਹਾਂਰਾਸ਼ਟਰ ਪਿਆਜ਼ ਦੂਸਰੇ ਪ੍ਰਾਂਤਾਂ ਨੂੰ ਦੇਣ ਤੋਂ ਇਨਕਾਰ ਕਰ ਦੇਣ ਜਾਂ ਕੇਵਲ ਨਿਰਯਾਤ ਹੀ ਕਰਨ ਤਾਂ ਕੀ ਸਥਿਤੀ ਬਣੇਗੀ ?’। ਬੜੀ ਹਾਸੋਹੀਣੀ ਗੱਲ ਹੈ; ਇਹ ਵਸਤਾਂ ਨਾ ਵੇਚ ਕੇ ਕੀ ਇਹ ਪ੍ਰਾਂਤ ਆਪ ਹੀ ਆਪਣੀ ਆਰਥਿਕਤਾ ਦਾ ਗਲ਼ਾ ਨਹੀਂ ਘੁੱਟ ਰਹੇ ਹੋਣਗੇ ਕਿਉਂਕਿ ਇਹ ਸਾਰੇ ਪ੍ਰਾਂਤ ਇਹ ਵਸਤਾਂ ਮੁੱਲ ਵੇਚਦੇ ਹਨ ਅਤੇ ਯੋਗ ਕੀਮਤ ਤੋਂ ਇਲਾਵਾ ਇਹ ਪ੍ਰਾਂਤ ਇਨ੍ਹਾਂ ਵਸਤਾਂ ’ਤੇ ਹੱਕ-ਮਾਲਕਾਨਾ

(royalty) ਵੀ ਲੈਂਦੇ ਹਨ। ਕੀ ਅੰਤਰ-ਰਾਸ਼ਟਰੀ ਬਾਜ਼ਾਰ ਦੇ ਮੁਕਾਬਲਤਨ ਘਰੋਗੀ ਬਾਜ਼ਾਰ ਵਿੱਚ ਵਿਚਰਨਾ ਘੱਟ ਲਾਹੇਵੰਦਾ ਧੰਦਾ ਹੈ? ਯਾਦ ਰਹੇ ਕਿ **ਪੰਜਾਬ ਹਰਿਆਣਾ ਅਤੇ ਰਾਜਸਥਾਨ ਨੂੰ ਪਾਣੀ ਮੁੱਲ ਨਹੀਂ ਵੇਚਦਾ** ਸਗੋਂ ਕੇਂਦਰੀ ਸਰਕਾਰ ਨੇ ਇਸ ਨੂੰ ਪੁਰਾਣੇ ਜ਼ਮਾਨੇ 'ਚ ਜੰਗ ਜਿੱਤਣ ਤੋਂ ਬਾਅਦ ਹੱਥ ਆਏ ਮਾਲ ਨੂੰ ਫ਼ੌਜੀਆਂ 'ਚ ਵੰਡਣ ਵਾਂਗ ਆਪਣੇ ਚਹੇਤੇ ਪ੍ਰਾਂਤਾਂ ਨੂੰ ਬਤੌਰ ਬਖ਼ਸ਼ੀਸ਼ ਦੇ ਕੇ ਪੰਜਾਬੀਆਂ ਨੂੰ ਅਹਿਸਾਸੇ-ਕਮਤਰੀਂ ਹੰਢਾਉਣ ਲਈ ਮਜਬੂਰ ਕੀਤਾ ਹੋਇਆ ਹੈ।

(ਬਾਕੀ ਅਗਲੇ ਅੰਕ ਵਿੱਚ ਪੜ੍ਹੋ)

✪✪✪✪✪

## ਵਿਸ਼ਵ ਸਿੱਖ ਸੰਮੇਲਨ: "ਹੋਏ ਇਕਤ੍ਰ ਮਿਲਹੁ ਮੇਰੇ ਭਾਈ..."

ਰਜਿੰਦਰ ਸਿੰਘ,
ਕਨਵੀਨਰ, ਸ਼੍ਰੋਮਣੀ ਖਾਲਸਾ ਪਚਾਇਤ।

ਸਮੂਹਕ ਅਗਵਾਈ ਅਤੇ ਪੰਥਕ ਸਰਵਉੱਚਤਾ ਦਾ ਗੁਰਮਤਿ ਸਿਧਾਂਤ ਸਤਿਗੁਰੂ ਜੀ ਨੇ ਆਪਣੇ ਜੀਵਨ ਕਾਲ ਵਿੱਚ ਹੀ ਦ੍ਰਿੜ੍ਹ ਕਰਵਾ ਦਿੱਤਾ ਸੀ। ਸੰਗਤਾਂ ਦੀ ਪ੍ਰੇਰਨਾ 'ਤੇ ਅਨੰਦਗੜ੍ਹ ਦਾ ਕਿਲ੍ਹਾ ਖਾਲੀ ਕਰਨਾ, ਸੰਗਤਾਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਜਾਣਾ, ਦਾਦੂ ਦੀ ਸਮਾਧ ਵਾਲੀ ਘਟਨਾ ਤੋਂ ਸੰਗਤਾਂ ਵੱਲੋਂ ਲਗਾਈ ਤਨਖਾਹ ਪਰਵਾਨ ਕਰਨਾ ਅਤੇ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਸਮੂਹਕ ਅਗਵਾਈ ਲਈ ਪੰਜ ਸਿੱਖਾਂ ਨੂੰ ਭੇਜਣਾ ਆਦਿ ਇਸ ਦੀਆਂ ਇਤਿਹਾਸਕ ਮਿਸਾਲਾਂ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਤੋਂ ਬਾਅਦ ਇਹ ਸੰਕਲਪ "ਸਰਬੱਤ ਖ਼ਾਲਸਾ" ਦੇ ਰੂਪ ਵਿੱਚ ਵਿਕਸਿਤ ਹੋਇਆ। ਸਮੇਂ ਦੀ ਲੋੜ ਅਤੇ ਵਕਤੀ ਹਾਲਾਤ ਅਨੁਸਾਰ ਪੰਥ ਕਈ ਜਥੇਬੰਦੀਆਂ ਵਿੱਚ ਵੰਡਿਆ ਗਿਆ। ਇਨ੍ਹਾਂ ਜਥੇਬੰਦੀਆਂ ਨੇ ਬਾਅਦ ਵਿੱਚ ਮਿਸਲਾਂ ਦਾ ਰੂਪ ਧਾਰਣ ਕੀਤਾ ਪਰ "ਸਰਬੱਤ ਖ਼ਾਲਸਾ" ਦੀ ਸੰਸਥਾ ਨੇ ਨਾ ਕੇਵਲ ਸਮੂਹ ਖ਼ਾਲਸਾ ਪੰਥ ਨੂੰ ਇੱਕ ਲੜੀ ਵਿੱਚ ਪਰੋਈ ਰੱਖਿਆ ਬਲਕਿ ਸਿਧਾਂਤਕ ਅਤੇ ਜਥੇਬੰਦਕ ਮਸਲੇ ਹੱਲ ਕਰਨ ਵਿੱਚ ਵੀ ਸਹਾਇਤਾ ਕੀਤੀ। ਇਹੀ ਕਾਰਣ ਸੀ ਕਿ ਪੰਥ ਦੋਖੀ ਸ਼ਕਤੀਆਂ ਪੂਰੀ ਵਾਹ ਲਾ ਕੇ ਵੀ ਖ਼ਾਲਸਾ ਪੰਥ ਵਿੱਚ ਵੱਡੇ ਪਾੜ ਨਾ ਪਾ ਸਕੀਆਂ। ਭਾਂਵੇਂ ਸਮੇਂ ਸਮੇਂ ਕੁਝ ਭੁਲੇਖੇ ਪਾਏ ਜਾਂਦੇ ਰਹੇ ਅਤੇ ਕਈ ਵਿਵਾਦ ਵੀ ਖੜ੍ਹੇ ਕੀਤੇ ਜਾਂਦੇ ਰਹੇ ਪਰ ਪੰਥ ਨੇ ਸਤਿਗੁਰੂ ਜੀ ਦੁਆਰਾ ਦ੍ਰਿੜ੍ਹ ਕਰਵਾਏ ਪਾਵਨ ਸਿਧਾਂਤ

"ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥"

'ਤੇ ਪਹਿਰਾ ਦਿੰਦਿਆਂ ਹਰ ਤਰ੍ਹਾਂ ਦੀ ਦੁਬਿਧਾ ਅਤੇ ਮਤਭੇਦਾਂ ਨੂੰ ਗੁਰਮਤਿ ਦੀ ਰੌਸ਼ਨੀ ਵਿੱਚ ਸਹਿਜੇ ਹੀ ਦੂਰ ਕਰ ਲਿਆ ਜਾਂਦਾ ਰਿਹਾ। ਜਿੰਨਾਂ ਚਿਰ "ਸਰਬੱਤ ਖ਼ਾਲਸਾ" ਦੀ ਸੰਸਥਾ ਮਜ਼ਬੂਤ ਰਹੀ, ਖ਼ਾਲਸਾ ਪੰਥ ਹਰ ਦਿਨ ਚੜ੍ਹਦੀ ਕਲਾ ਵਿੱਚ ਰਿਹਾ ਅਤੇ ਖ਼ਾਲਸਾ ਜੀ ਦੇ ਬੋਲ ਬਾਲੇ ਹੁੰਦੇ ਰਹੇ।

ਬਾਬਾ ਬੰਦਾ ਸਿੰਘ ਬਹਾਦਰ ਇਸ ਸਮੂਹਕ ਅਗਵਾਈ ਦੇ ਸੰਕਲਪ ਵਿੱਚ ਚੱਲਦਾ ਰਿਹਾ ਤਾਂ ਅੱਠ-ਨੌਂ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਇੱਕ ਮਜ਼ਬੂਤ ਪ੍ਰਭੂਸੱਤਾ ਸੰਪੰਨ ਰਾਜ ਕਾਇਮ ਕਰ ਲਿਆ ਪਰ ਜਦੋਂ ਇਸ ਸਮੂਹਕ ਅਗਵਾਈ ਦੇ ਸਿਧਾਂਤ ਨੂੰ ਠੇਸ ਪਹੁੰਚੀ ਤਾਂ ਸਾਲਾਂ ਵਿੱਚ ਸਥਾਪਤ ਕੀਤਾ ਰਾਜ ਭਾਗ ਦਿਨਾਂ ਵਿੱਚ ਹੀ ਢਹਿ ਢੇਰੀ ਹੋ ਗਿਆ। ਇਸ ਦੇ ਨਤੀਜੇ ਵਜੋਂ ਮਹਾਨ ਯੋਧਿਆਂ ਨੂੰ ਜੋ ਸੰਤਾਪ ਭੋਗਣੇ ਪਏ ਅਤੇ ਜਿਨ੍ਹਾਂ ਦਿਲ ਹਿਲਾ ਦੇਣ ਵਾਲੇ ਅਣਮਨੁੱਖੀ ਤਸੀਹਿਆਂ ਨਾਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਹਨਾਂ ਦੇ ਸਾਥੀਆਂ ਨੂੰ ਸ਼ਹੀਦ ਕੀਤਾ ਗਿਆ ਉਸ ਤੋਂ ਕੌਣ ਜਾਣੂੰ ਨਹੀਂ। ਇਹਨਾਂ ਸਮਿਆਂ ਵਿੱਚ ਮੋਹਰੀ ਗੁਰਸਿੱਖਾਂ ਅਤੇ ਪੰਥ ਦਰਦੀ ਜਥੇਬੰਦੀਆਂ ਨੇ ਸਿਰ ਜੋੜ ਕੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਥਾਪਤ ਰਾਜ ਭਾਗ ਦੇ ਢਹਿ ਢੇਰੀ ਹੋਣ ਦੇ ਕਾਰਣਾਂ ਦੀ ਘੋਖ ਕੀਤੀ ਹੋਵੇਗੀ ਅਤੇ ਪੰਥਕ ਹਿਤ ਵਿੱਚ ਵਿਚਾਰਾਂ ਕਰਨ ਦਾ ਇਹ ਸਿਲਸਿਲਾ ਨਿਰੰਤਰ ਜਾਰੀ ਰਿਹਾ ਹੋਵੇਗਾ ਜਿਸਨੇ ਸਮਾਂ ਪਾ ਕੇ "ਸਰਬਤ ਖ਼ਾਲਸਾ" ਦਾ ਰੂਪ ਧਾਰਨ ਕੀਤਾ।

ਉਸ ਸਮੇਂ ਦੇ ਸਿੱਖਾਂ ਵਿੱਚ "ਸਰਬੱਤ ਖ਼ਾਲਸਾ" ਦੀ ਸੰਸਥਾ ਦਾ ਇਤਨਾ ਸਤਿਕਾਰ ਸੀ ਕਿ ਕੋਈ ਵੀ ਸੰਸਥਾ ਇਸ ਤੋਂ ਬਾਹਰ ਰਹਿਣਾ ਬਰਦਾਸ਼ਤ ਨਹੀਂ ਸੀ ਕਰ ਸਕਦੀ ਕਿਉਂਕਿ ਇਸ ਸੰਸਥਾ ਵਿੱਚੋਂ ਬਾਹਰ ਰਹਿਣ ਦਾ ਮਤਲਬ ਸੀ ਪੰਥ ਨਾਲੋਂ ਟੁੱਟਣਾ। ਜਦ ਆਪਸੀ ਸਦਭਾਵਨਾ ਦੇ ਮਾਹੌਲ ਵਿੱਚ ਬੈਠ ਕੇ ਹਰ ਮਸਲੇ ਨੂੰ ਪੰਥਕ ਹਿਤ ਅਤੇ ਗੁਰ-ਉਪਦੇਸ਼ ਅਨੁਸਾਰ ਵਿਚਾਰ ਲਿਆ ਜਾਂਦਾ ਸੀ ਤਾਂ ਮਸਲੇ ਅਤੇ ਮੱਤਭੇਦ ਕਿੱਥੇ ਰਹਿਣੇ ਸਨ। ਜਥੇਬੰਦੀਆਂ ਵੱਲੋਂ "ਸਰਬੱਤ ਖ਼ਾਲਸਾ" ਵਿੱਚ ਸ਼ਾਮਲ ਹੋਏ ਪ੍ਰਤੀਨਿਧਾਂ ਦਾ ਵੀ ਆਪਣੀਆਂ ਜਥੇਬੰਦੀਆਂ ਵਿੱਚ ਇਤਨਾਂ ਸਤਿਕਾਰ ਅਤੇ ਵਿਸ਼ਵਾਸ ਹੁੰਦਾ ਸੀ ਕਿ ਉਹਨਾਂ ਵੱਲੋਂ "ਸਰਬੱਤ ਖ਼ਾਲਸਾ" ਵਿੱਚ ਲਏ ਫ਼ੈਸਲਿਆਂ ਨੂੰ ਉਹ ਗੁਰੂ ਦਾ ਹੁਕਮ ਜਾਣ ਕੇ ਸਤਿਕਾਰਦੇ ਸਨ। ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਛੋਟੀ ਜੇਹੀ ਸਿੱਖ ਕੌਮ ਇਤਨੇ ਵੱਡੇ ਰਾਜ ਭਾਗ ਦੀ ਮਾਲਕ ਬਣ ਬੈਠੇਗੀ? ਪਰ ਇਹ ਸਭ "ਸਰਬੱਤ

ਖ਼ਾਲਸਾ" ਦੁਆਰਾ ਪੰਥ ਵਿੱਚ ਸੰਚਾਲਤ ਕੀਤੀ ਏਕਤਾ, ਇੱਕਸਾਰਤਾ ਇੱਕਸੁਰਤਾ ਅਤੇ ਉਸ ਦੁਆਰਾ ਅਰਜਿਤ ਅਥਾਹ ਸ਼ਕਤੀ ਦਾ ਹੀ ਨਤੀਜਾ ਸੀ।

ਸਿਰਦਾਰ ਰਣਜੀਤ ਸਿੰਘ ਵੀ ਇਹ ਗੱਲ ਜਾਣਦੇ ਅਤੇ ਸਮਝਦੇ ਸੀ। ਇਸ ਵਾਸਤੇ ਇੱਕ ਵੱਡੇ ਰਾਜ ਭਾਗ ਦੇ ਹਾਕਮ ਬਣਨ ਤੋਂ ਬਾਅਦ ਵੀ ਵਿਸ਼ੇਸ਼ ਪੰਥਕ ਮੁੱਦਿਆਂ ਅਤੇ ਮੁਹਿੰਮਾਂ ਦੇ ਫ਼ੈਸਲੇ "ਸਰਬੱਤ ਖ਼ਾਲਸਾ" ਦੁਆਰਾ ਹੀ ਕੀਤੇ ਜਾਂਦੇ ਰਹੇ। ਪਰ ਜਿਉਂ ਹੀ ਸਿ. ਰਣਜੀਤ ਸਿੰਘ ਨੂੰ ਮਹਿਸੂਸ ਹੋਇਆ ਕਿ "ਸਰਬੱਤ ਖ਼ਾਲਸਾ" ਦੀ ਇਹ ਅਥਾਹ ਸ਼ਕਤੀ ਉਸ ਦੇ ਇੱਕਪੁਰਖੀ ਰਾਜ ਨੂੰ ਕਾਇਮ ਰੱਖਣ ਦੇ ਸੁਪਨਿਆਂ ਨੂੰ ਸਾਕਾਰ ਨਹੀਂ ਹੋਣ ਦੇਵੇਗੀ ਤਾਂ ਉਸ ਨੇ "ਸਰਬੱਤ ਖ਼ਾਲਸਾ" ਦੇ ਸੰਕਲਪ ਤੋਂ ਮੂੰਹ ਮੋੜ ਲਿਆ। ਇਹੋ ਕਾਰਣ ਸੀ ਕਿ ਉਹ ਖ਼ਾਲਸਾ ਰਾਜ ਜਿਸ ਦਾ ਸ਼ੁਮਾਰ ਦੁਨੀਆਂ ਦੀਆਂ ਵੱਡੀਆਂ ਤਾਕਤਾਂ ਵਿੱਚ ਹੋਣ ਲੱਗ ਪਿਆ ਸੀ, ਥੋੜ੍ਹੇ ਸਮੇਂ ਵਿੱਚ ਹੀ ਤਹਿਸ-ਨਹਿਸ ਹੋ ਗਿਆ। ਉਸ ਦਿਨ ਤੋਂ ਬਾਅਦ ਜਿੱਥੇ ਹਰ ਦਿਨ ਪੰਥ ਦੀ ਸ਼ਕਤੀ ਖੀਣ ਹੁੰਦੀ ਗਈ ਉੱਥੇ ਪੰਥ ਵਿੱਚ ਨਿੱਤ ਨਵੇਂ ਵਿਵਾਦ, ਨਵੇਂ ਮੱਤਭੇਦ ਹਰ ਰੋਜ਼ ਉੱਭਰਦੇ ਰਹੇ ਅਤੇ ਪੰਥ ਖੇਰੂੰ-ਖੇਰੂੰ ਹੁੰਦਾ ਗਿਆ।

ਭਾਵੇਂ ਪਿਛਲੇ ਕੁਝ ਸਮੇਂ ਵਿੱਚ ਕਈ ਨਵੀਆਂ ਜਥੇਬੰਦੀਆਂ ਅਤੇ ਸੰਸਥਾਵਾਂ ਹੋਂਦ ਵਿੱਚ ਆਈਆਂ ਪਰ ਇਹਨਾਂ ਦੀ ਕਾਰਜ ਸ਼ੈਲੀ ਗੁਰ-ਮਰਿਆਦਾ ਅਤੇ ਪੰਥਕ ਇਤਿਹਾਸ ਤੋਂ ਉਲਟ ਹੋਣ ਕਾਰਣ ਇਹ ਪੰਥ ਦਾ ਕੁਝ ਸਵਾਰ ਨਾ ਸਕੀਆਂ। ਸਗੋਂ ਕੌਮ ਉੱਤੇ ਆਪਣੀ ਆਪਣੀ ਪਕੜ ਮਜ਼ਬੂਤ ਕਰਨ ਦੇ ਇਰਾਦੇ ਨਾਲ ਇਹਨਾਂ ਵੱਲੋਂ ਕੀਤੀਆਂ ਆਪਹੁਦਰੀਆਂ ਨੇ ਸਿੱਖ ਕੌਮ ਵਿੱਚ ਨਵੇਂ ਵਿਵਾਦ ਪੈਦਾ ਕੀਤੇ ਜਿਸ ਨਾਲ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਦਰਸਾਏ ਪਾਵਨ ਸਿਧਾਂਤਾਂ ਨੂੰ ਭਾਰੀ ਠੇਸ ਲੱਗੀ ਉੱਥੇ ਨਾਲ ਹੀ ਪੰਥ ਵਿੱਚ ਇੱਕ ਬੇਵਿਸਾਹੀ ਅਤੇ ਬੇਪਰਤੀਤੀ ਦਾ ਮਾਹੌਲ ਪੈਦਾ ਹੋਇਆ। ਅੱਜ ਪੰਥ ਵਿੱਚ ਰੋਜ਼ ਨਵੀਆਂ ਸੰਸਥਾਵਾਂ ਪੈਦਾ ਹੋ ਰਹੀਆਂ ਹਨ ਪਰ ਕੌਮੀ ਪੱਧਰ ਦੀ ਤਾਂ ਗੱਲ ਹੀ ਛੱਡ ਦੇਈਏ, ਇੱਕ ਨਗਰ ਜਾਂ ਮੁਹੱਲੇ ਵਿੱਚ ਰਹਿੰਦੇ ਸਿੱਖਾਂ ਵਿੱਚ ਵੀ ਕੋਈ ਆਪਸੀ ਤਾਲਮੇਲ ਨਹੀਂ ਅਤੇ ਨਾ ਹੀ ਕਾਰਜ ਸ਼ੈਲੀ ਵਿੱਚ ਇਕਸਾਰਤਾ ਨਜ਼ਰ ਆਉਂਦੀ ਹੈ। ਭਾਵੇਂ ਸਤਿਗੁਰ ਜੀ ਦੀ ਪਾਵਨ ਬਾਣੀ "ਇਕਾ ਬਾਣੀ ਇਕ ਗੁਰ ਇਕੋ ਸ਼ਬਦੁ ਵੀਚਾਰਿ" ਦਾ ਉਪਦੇਸ਼ ਦਿੰਦੀ ਹੈ ਪਰ ਹਰ ਜਥੇਬੰਦੀ ਦੀ ਗੁਰਬਾਣੀ ਦੀ ਵਿਆਖਿਆ ਆਪਣੀ-ਆਪਣੀ ਹੈ ਅਤੇ ਉਸ ਉੱਤੇ ਉਹ ਪੂਰੀ ਤਰ੍ਹਾਂ ਦ੍ਰਿੜ੍ਹ ਹੈ। ਕੋਈ ਕਿਸੇ ਦੀ ਅਪੀਲ ਜਾਂ ਦਲੀਲ ਸੁਣਨਾ ਨਹੀਂ ਚਾਹੁੰਦਾ। ਕੌਮ ਵਿੱਚ ਹਰ ਦਿਨ ਆਪੋ-ਧਾਪੀ ਵਧ ਰਹੀ ਹੈ। ਨਵੇਂ ਵਿਵਾਦ ਪੈਦਾ ਹੋ ਰਹੇ ਹਨ। ਕੌਮੀ ਮਸਲਿਆਂ ਦੀ ਗਿਣਤੀ ਦੀ ਇੱਕ ਲੰਮੀ ਲਿਸਟ ਤਿਆਰ ਹੋ ਚੁੱਕੀ ਹੈ ਜੋ ਹਰ ਦਿਨ ਵਧਦੀ ਜਾ ਰਹੀ ਹੈ ਪਰ ਅੱਜ ਤੱਕ ਕੋਈ ਇੱਕ ਵੀ ਮਸਲਾ ਹੱਲ ਨਹੀਂ ਹੋਇਆ।

ਪਿਛਲੇ ਸਮੇਂ ਵਿੱਚ ਤਿੰਨ ਤਰ੍ਹਾਂ ਦੀਆਂ ਜਥੇਬੰਦੀਆਂ ਦਾ ਜ਼ਿਆਦਾ ਵਿਸਤਾਰ ਹੋਇਆ ਹੈ। ਪਹਿਲੀ ਤਰ੍ਹਾਂ ਦੀਆਂ ਉਹ ਜਥੇਬੰਦੀਆਂ ਹਨ ਜੋ ਆਪਣੇ ਆਪ ਨੂੰ ਨਿਰੋਲ ਧਾਰਮਕ ਜਥੇਬੰਦੀਆਂ ਅਖਵਾਉਂਦੀਆਂ ਹਨ। ਇਨ੍ਹਾਂ ਵਿੱਚ ਵੀ ਇੱਕ ਤਾਂ ਉਹ ਹਨ ਜੋ ਗਲ਼ੀ ਮੁਹੱਲੇ ਦੇ ਪੱਧਰ 'ਤੇ ਕੰਮ ਕਰਦੀਆਂ ਹਨ ਅਤੇ ਘਰ-ਘਰ ਵਿੱਚ ਗੁਰਮਤਿ ਸਮਾਗਮਾਂ ਰਾਹੀਂ ਪ੍ਰਚਾਰ ਕਰਨ ਦਾ ਦਾਅਵਾ ਕਰਦੀਆਂ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਤਾਂ ਗੁਰਮਤਿ ਦੇ ਨਾਂ 'ਤੇ ਬ੍ਰਾਹਮਣਵਾਦੀ ਕਰਮ ਕਾਂਡਾਂ ਦਾ ਹੀ ਪ੍ਰਚਾਰ ਕਰ ਰਹੀਆਂ ਹਨ। ਕਿਉਂਕਿ ਉਨ੍ਹਾਂ ਦੇ ਆਗੂਆਂ ਦੀ ਆਪਣੀ ਨਾ ਤਾਂ ਕੋਈ ਗੁਰਮਤਿ ਦੀ ਟ੍ਰੇਨਿੰਗ ਹੈ ਅਤੇ ਨਾ ਹੀ ਗੁਰਬਾਣੀ ਆਪ ਚੰਗੀ ਤਰ੍ਹਾਂ ਵੀਚਾਰ ਕੇ ਪੜ੍ਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਵਿੱਚੋਂ ਬਹੁਤਿਆਂ ਦੀ ਕੌਮ ਪ੍ਰਤੀ ਭਾਵਨਾ ਬਹੁਤ ਚੰਗੀ ਹੈ ਪਰ ਗੁਰਬਾਣੀ ਦੇ ਤੱਤ ਵਿਚਾਰ ਅਤੇ ਕਿਸੇ ਨੇਮ ਬੱਧ ਟ੍ਰੇਨਿੰਗ ਦੀ ਘਾਟ ਕਾਰਣ ਉਹ ਅਣਭੋਲ ਹੀ ਕੌਮ ਦਾ ਵੱਡਾ ਨੁਕਸਾਨ ਕਰੀ ਜਾ ਰਹੀਆਂ ਹਨ।

ਇਸੇ ਲੜੀ ਵਿੱਚ ਕੁਝ ਕੌਮੀ ਪੱਧਰ ਦੀਆਂ ਜਥੇਬੰਦੀਆਂ ਆਉਂਦੀਆਂ ਹਨ। ਇਨ੍ਹਾਂ ਵਿੱਚੋਂ ਵੀ ਕੁਝ ਜਾਣੇ-ਅਣਜਾਣੇ ਮਨਮਤਿ ਦੇ ਪ੍ਰਚਾਰ ਵਿੱਚ ਲੱਗੀਆਂ ਹੋਈਆਂ ਹਨ ਅਤੇ ਕੁਝ ਨੇ ਗੁਰਮਤਿ ਨੂੰ ਜਾਣਨ, ਸਮਝਣ ਅਤੇ ਪ੍ਰਚਾਰਨ ਦਾ ਵੱਡਾ ਉਪਰਾਲਾ ਵੀ ਕੀਤਾ ਹੈ। ਉਨ੍ਹਾਂ ਨੇ ਕੌਮ ਦੇ ਕੁਝ ਹਿੱਸੇ ਵਿੱਚ ਸਿੱਖੀ ਚੇਤਨਤਾ ਵੀ ਲਿਆਂਦੀ ਹੈ; ਹਰ ਦਿਨ ਬਰਬਾਦ ਹੋ ਰਹੇ ਸਿੱਖੀ ਸਰੂਪ ਨੂੰ ਬਚਾਉਣ ਵਿੱਚ ਵੀ ਵੱਡਾ ਯੋਗਦਾਨ ਪਾਇਆ ਹੈ ਅਤੇ ਗੁਰਮਤਿ ਦੇ ਪ੍ਰਚਾਰ ਨੂੰ ਨੇਮ ਬੱਧ ਕਰਨ ਦੇ ਵੀ ਵੱਡੇ ਉਪਰਾਲੇ ਕੀਤੇ ਹਨ। ਕੌਮ ਨੂੰ ਇਤਨੀ ਵੱਡੀ ਦੇਣ ਦੇ ਕੇ ਵੀ ਇਨ੍ਹਾਂ ਵਿੱਚੋਂ ਕੁਝ ਜਥੇਬੰਦੀਆਂ ਨੇ ਕੌਮ ਦਾ ਇੱਕ ਬਹੁਤ ਵੱਡਾ ਨੁਕਸਾਨ ਕੀਤਾ ਹੈ ਕਿਉਂਕਿ ਉਹ "ਨਿਰੋਲ ਧਾਰਮਕ" ਹੋਣ ਦਾ ਦਾਅਵਾ ਕਰਦੀਆਂ ਹਨ ਅਤੇ ਕੌਮੀ ਮਸਲਿਆਂ ਦੇ ਹੱਲ ਲਈ ਕੋਈ ਵੀ ਕੁਰਬਾਨੀ ਕਰਨ ਤੋਂ ਗੁਰੇਜ਼ ਕਰਦੀਆਂ ਹਨ। ਉਨ੍ਹਾਂ ਦੇ ਇਸ ਰਵੱਈਏ ਅਤੇ ਪ੍ਰਚਾਰ ਕਾਰਣ ਕੌਮ ਵਿੱਚ ਨਪੁੰਸਕਤਾ ਜਿਹੀ ਫ਼ੈਲ ਗਈ ਹੈ। ਪਤਾ ਨਹੀਂ ਇਨ੍ਹਾਂ ਜਥੇਬੰਦੀਆਂ ਦੇ ਆਗੂ ਇਹ ਕਿਉਂ ਭੁੱਲ ਗਏ ਹਨ ਕਿ ਸਤਿਗੁਰੂ ਜੀ ਨੇ ਮੀਰੀ-ਪੀਰੀ ਦਾ ਸੰਕਲਪ ਦੇ ਕੇ ਖ਼ਾਲਸੇ ਨੂੰ ਸੰਤ ਸਿਪਾਹੀ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਇਨ੍ਹਾਂ ਜਥੇਬੰਦੀਆਂ ਨੂੰ ਅੱਜ ਤੱਕ ਇਸ ਗੱਲ ਦੀ ਸਮਝ ਨਹੀਂ ਆਈ ਕਿ

ਦਹਾਕਿਆਂ ਵਿੱਚ ਦ੍ਰਿੜ੍ਹ ਕਰਵਾਏ ਸਿਧਾਂਤ ਕੇਵਲ ਇੱਕ ਸਰਕਾਰੀ ਕਾਨੂੰਨ ਦੀ ਮਾਰ ਨਾਲ ਤਹਿਸ-ਨਹਿਸ ਕੀਤੇ ਜਾ ਸਕਦੇ ਹਨ। ਜਿਹੜੀਆਂ ਘੱਟ ਗਿਣਤੀ ਕੌਮਾਂ ਸੰਘਰਸ਼ਸ਼ੀਲ ਨਹੀਂ ਰਹਿੰਦੀਆਂ, ਉਹ ਆਪਣੇ ਵਿਲੱਖਣ ਸਿਧਾਂਤ ਅਤੇ ਸਰੂਪ ਨੂੰ ਕਦੀ ਬਚਾ ਨਹੀਂ ਸਕਦੀਆਂ।

ਦੂਸਰੀ ਕਿਸਮ ਦੀਆਂ ਜਥੇਬੰਦੀਆਂ ਨਿਰੋਲ ਸਿਆਸੀ ਜਥੇਬੰਦੀਆਂ ਹਨ। ਭਾਵੇਂ ਇਨ੍ਹਾਂ ਦੀ ਸ਼ੁਰੂਆਤ ਵੀ ਕੌਮੀ ਸੰਘਰਸ਼ ਵਿੱਚੋਂ, ਪੰਥਕ ਲੋੜਾਂ ਅਨੁਸਾਰ ਹੋਈ ਸੀ ਪਰ ਸਮੇਂ ਦੇ ਵਹਾਅ ਵਿੱਚੋਂ ਸੁਆਰਥੀ ਲੀਡਰਸ਼ਿਪ ਦੇ ਅੱਗੇ ਆਉਣ ਨਾਲ ਇਹਨਾਂ ਜਥੇਬੰਦੀਆਂ ਦਾ ਪੂਰੀ ਤਰ੍ਹਾਂ ਸਿਆਸੀਕਰਨ ਹੋ ਚੁੱਕਾ ਹੈ। ਗੱਲਾਂ ਤਾਂ ਇਹ ਸਾਰੀਆਂ ਜਥੇਬੰਦੀਆਂ ਪੰਥਕ ਹਿਤਾਂ ਦੀ ਰਾਖੀ ਦੀਆਂ ਕਰਦੀਆਂ ਹਨ ਪਰ ਅਜਿਹੀਆਂ ਗੱਲਾਂ ਕਰਨਾ ਇਹਨਾਂ ਦੀ ਲੋੜ ਤੇ ਮਜਬੂਰੀ ਹੈ, ਟੀਚਾ ਨਹੀਂ। ਜੇ ਇਹ ਪੰਥਕ ਹਿਤਾਂ ਦੀ ਗੱਲ ਨਾ ਕਰਨ ਤਾਂ ਕੌਮ ਨੂੰ ਭਰਮਾਉਣ ਕਿਵੇਂ ? ਅਸਲੀਅਤ ਇਹ ਹੈ ਕਿ ਇਹਨਾਂ ਜਥੇਬੰਦੀਆਂ ਵਿੱਚ ਪੂਰੀ ਤਰ੍ਹਾਂ ਨਿਘਾਰ ਆ ਚੁੱਕਾ ਹੈ ਅਤੇ ਇਹਨਾਂ ਦੇ ਸੁਆਰਥੀ ਆਗੂ ਆਪਣੇ ਸਿਆਸੀ ਅਤੇ ਨਿੱਜੀ ਹਿਤਾਂ ਵਾਸਤੇ ਪੰਥ ਦਾ ਕੋਈ ਵੀ ਵੱਡੇ ਤੋਂ ਵੱਡਾ ਨੁਕਸਾਨ ਕਰ ਸਕਦੇ ਹਨ। ਇਹਨਾਂ ਦੇ ਆਗੂਆਂ ਦੇ ਆਪਣੇ ਜੀਵਨ ਗੁਰਮਤਿ ਤੋਂ ਸੱਖਣੇ ਹਨ। ਉਨ੍ਹਾਂ ਦੇ ਪਰਿਵਾਰ ਸਿੱਖੀ ਤੋਂ ਦੂਰ ਹੁੰਦੇ ਜਾ ਰਹੇ ਹਨ। ਇਹ ਕੇਵਲ ਰਾਜ ਸੱਤਾ ਹਾਸਲ ਕਰਨ ਅਤੇ ਆਪਣੀਆਂ ਮਹਿਲ ਮਾੜੀਆਂ ਭਰਨ ਦੀ ਵਿਉਂਤਬੰਦੀ ਵਿੱਚ ਹੀ ਲੱਗੇ ਹੋਏ ਹਨ। ਉਹਨਾਂ ਵਾਸਤੇ ਸਤਿਗੁਰੂ ਜੀ ਦੀਆਂ ਇਹ ਪਾਵਨ ਪੰਗਤੀਆਂ ਬਿਲਕੁਲ ਢੁਕਦੀਆਂ ਹਨ:-

"ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆ॥"

ਵੇਖਣ ਵਿੱਚ ਆਇਆ ਹੈ ਪਿਛਲੇ ਕੁਝ ਦਹਾਕਿਆਂ ਵਿੱਚ ਪੰਥ ਦਾ ਜਿਤਨਾ ਨੁਕਸਾਨ ਇਨ੍ਹਾਂ ਜਥੇਬੰਦੀਆਂ ਨੇ ਕੀਤਾ ਹੈ ਉਤਨਾਂ ਅੱਜ ਤੱਕ, ਕਈ ਸਦੀਆਂ ਵਿੱਚ, ਕੋਈ ਦੁਸ਼ਮਣ ਵੀ ਨਹੀਂ ਕਰ ਸਕਿਆ। ਇਨ੍ਹਾਂ ਵਿੱਚ ਉਹ ਵੀ ਆਉਂਦੇ ਹਨ ਜੋ ਵਿਵਸਥਾ 'ਤੇ ਕਾਬਜ਼ ਹਨ ਅਤੇ ਉਹ ਵੀ ਜੋ ਕਾਬਜ਼ ਹੋਣਾ ਚਾਹੁੰਦੇ ਹਨ। ਇਨ੍ਹਾਂ ਦੋਹਾਂ ਵਿੱਚ ਕੋਈ ਵੱਡਾ ਫ਼ਰਕ ਨਹੀਂ ਹੈ ਕਿਉਂਕਿ ਦੋਹਾਂ ਦਾ ਟੀਚਾ ਕੇਵਲ ਰਾਜਸੀ ਅਤੇ ਨਿੱਜੀ ਲਾਭ ਉਠਾਉਣਾ ਹੈ। ਪੰਥ ਅਤੇ ਗੁਰਮਤਿ ਨਾਲ ਇਹਨਾਂ ਦਾ ਨੇੜੇ ਦਾ ਵੀ ਵਾਸਤਾ ਨਹੀਂ। ਭਲਾ ਪੰਥ-ਦੋਖੀਆਂ ਨੂੰ ਇਸ ਤੋਂ ਵੱਧ ਹੋਰ ਕਿਹੜੇ ਹਾਲਾਤ ਸਾਜ਼ਗਾਰ ਹੋਣੇ ਸਨ। ਇਹੋ ਕਾਰਣ ਹੈ ਕਿ ਪੰਥ ਦੋਖੀਆਂ ਦੀਆਂ ਸਰਗਰਮੀਆਂ ਵੀ ਹੁਣ ਸਿਖਰਾਂ 'ਤੇ ਪਹੁੰਚ ਗਈਆਂ ਹਨ। ਉਹਨਾਂ ਨੇ ਪੰਥਕ ਵਿਵਸਥਾ 'ਤੇ ਕਾਬਜ਼ ਜਥੇਬੰਦੀ ਨਾਲ ਸਾਂਝ ਪਾ ਲਈ ਹੈ ਕਿਉਂਕਿ ਇਹ ਦੋਹਾਂ ਨੂੰ ਪੂਰੀ ਤਰ੍ਹਾਂ ਰਾਸ ਆਉਂਦੀ ਹੈ। ਇਸ ਸਾਂਝ ਸਦਕਾ ਅਖ਼ੌਤੀ ਪੰਥਕ ਆਗੂਆਂ ਦੀ ਰਾਜਸੀ ਅਤੇ ਨਿੱਜੀ ਭੁੱਖ ਪੂਰੀ ਹੁੰਦੀ ਹੈ। ਪੰਥ ਦੋਖੀਆਂ ਨੂੰ ਪੰਥ ਨੂੰ ਬਰਬਾਦ ਕਰਨ ਦੇ ਆਪਣੇ ਮਨਸੂਬੇ ਪੂਰੇ ਕਰਨ ਲਈ "ਘਰ ਦੇ ਭੇਤੀ" ਆਪਣੇ ਨਾਲ ਰਲਾ ਲੈਣ ਨਾਲ ਪੰਥਕ ਵਿਵਸਥਾ ਵੀ ਉਹਨਾਂ ਦੇ ਕਬਜ਼ੇ ਵਿੱਚ ਆ ਗਈ ਹੈ। ਅੱਜ ਇਹ ਪੰਥ ਦੋਖੀ ਸ਼ਕਤੀਆਂ ਬਾਹਰੋਂ ਦੋਸਤੀ ਦਾ ਲਬਾਦਾ ਪਾ ਕੇ ਅੰਦਰੋਂ ਥੋੜ੍ਹੇ ਸਮੇਂ ਵਿੱਚ ਹੀ ਸਿੱਖੀ ਦਾ ਭੋਗ ਪਾ ਦੇਣ ਦੀਆਂ ਗੱਲਾਂ ਕਰ ਰਹੀਆਂ ਹਨ। ਸਿੱਖ ਕੌਮ ਦੀ ਨਿੱਘਰਦੀ ਹਾਲਤ, ਗੁਰੂ ਪਾਤਸ਼ਾਹ ਦਾ ਬਖ਼ਸ਼ਿਆ ਪਾਵਨ ਸਰੂਪ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਦੁਆਰਾ ਦਰਸਾਈ ਨਿਰਮਲ ਜੀਵਨ ਜੁਗਤ ਦਾ ਹਰ ਦਿਨ ਅਲੋਪ ਹੁੰਦੇ ਜਾਣਾ ਉਹਨਾਂ ਦੀਆਂ ਸਾਜ਼ਿਸ਼ਾਂ ਦੇ ਕਾਮਯਾਬ ਹੋਣ ਦਾ ਪ੍ਰਤੱਖ ਪ੍ਰਮਾਣ ਹੈ।

ਤੀਸਰੇ ਕਿਸਮ ਦੀਆਂ ਜਥੇਬੰਦੀਆਂ ਉਹ ਪੰਥਕ ਜਥੇਬੰਦੀਆਂ ਹਨ ਜੋ ਗੁਰੂ ਆਸ਼ੇ ਅਨੁਸਾਰ ਸੱਚਮੁੱਚ ਪੰਥ ਦੀ ਚੜ੍ਹਦੀ ਕਲਾ ਲੋਚਦੀਆਂ ਹਨ। ਇਨ੍ਹਾਂ ਨੇ ਪਿਛਲੇ ਦਿਨਾਂ ਵਿੱਚ ਆਪਣੀਆਂ ਮਹਾਨ ਕੁਰਬਾਨੀਆਂ ਸਦਕਾ ਪੰਥ ਪ੍ਰਤੀ ਆਪਣੀ ਵਫ਼ਾਦਾਰੀ ਸਾਬਤ ਵੀ ਕੀਤੀ ਹੈ ਅਤੇ ਕੌਮ ਅੰਦਰ ਇੱਕ ਨਵਾਂ ਨਿਖਾਰ ਲਿਆਉਣ ਦਾ ਉਪਰਾਲਾ ਵੀ ਕੀਤਾ ਹੈ। ਅਖ਼ੌਤੀ ਪੰਥਕ ਆਗੂਆਂ ਨੇ ਇਨ੍ਹਾਂ ਤੀਜੀ ਕਿਸਮ ਦੀਆਂ ਜਥੇਬੰਦੀਆਂ ਦੀ ਹੋਂਦ ਨੂੰ ਰਾਜਸੱਤਾ ਅਤੇ ਪੰਥਕ ਵਿਵਸਥਾ ਉੱਤੇ ਆਪਣੇ ਕਬਜ਼ੇ ਨੂੰ ਇੱਕ ਚੁਣੌਤੀ ਸਮਝਦੇ ਹੋਏ ਇਹਨਾਂ ਦਾ ਭਾਰੀ ਘਾਣ ਕਰਵਾਇਆ ਹੈ। ਪਰ ਇਸ ਨਾਲ ਇਹਨਾਂ ਜਥੇਬੰਦੀਆਂ ਦਾ ਪੰਥਕ ਜਜ਼ਬਾ, ਕੌਮੀ ਉਸਾਰੀ ਦਾ ਚਾਅ ਅਤੇ ਗੁਰਮਤਿ ਸਿਧਾਂਤਾਂ ਨੂੰ ਨਿਖਾਰਨ ਦੀ ਲਗਨ ਹੋਰ ਵੀ ਚਮਕੀ ਹੈ। ਭਾਵੇਂ ਇਹ ਜਥੇਬੰਦੀਆਂ ਵੀ ਰਾਜਸੀ ਪ੍ਰਕਿਰਿਆ ਵਿੱਚ ਹਿੱਸਾ ਲੈਂਦੀਆਂ ਨਜ਼ਰ ਆਉਂਦੀਆਂ ਹਨ ਪਰ ਇਨ੍ਹਾਂ ਦਾ ਅਸਲੀ ਮਕਸਦ ਪੰਥ ਦੀ ਚੜ੍ਹਦੀ ਕਲਾ ਹੈ ਜੋ ਮੀਰੀ ਪੀਰੀ ਦੇ ਸਿਧਾਂਤਾਂ ਦਾ ਅਮਲੀ ਰੂਪ ਹੈ। ਪਰ ਇਹਨਾਂ ਪੰਥਕ ਜਥੇਬੰਦੀਆਂ ਵਿੱਚ ਵੀ ਆਪਸੀ ਤਾਲਮੇਲ ਦੀ ਵੱਡੀ ਘਾਟ ਹੈ। ਸ਼ਾਇਦ ਮੌਜੂਦਾ ਨਿਜ਼ਾਮ ਦੁਆਰਾ ਇਨ੍ਹਾਂ ਵਿੱਚ ਪੈਦਾ ਕੀਤਾ ਬੇਵਸਾਹੀ ਦਾ ਮਾਹੌਲ, ਕੁਝ ਹੱਦ ਤੱਕ ਹਉਮੈ ਅਤੇ ਇਨ੍ਹਾਂ ਅੰਦਰ ਦਾਖਲ ਕੀਤੇ ਅਨਸਰ ਇਸ ਦਾ ਮੂਲ ਕਾਰਣ ਹਨ।

ਇਹ ਜਥੇਬੰਦੀਆਂ ਆਪਣੇ ਵੱਲੋਂ ਪੰਥ ਨੂੰ ਇਸ ਮੰਦਭਾਗੀ ਦੁਰਦਸ਼ਾ ਤੋਂ ਉਭਾਰਨ ਦੇ ਉਪਰਾਲੇ ਵੀ ਕਰ ਰਹੀਆਂ ਹਨ। ਵੱਡੀਆਂ ਵੱਡੀਆਂ ਵਿਚਾਰ ਗੋਸ਼ਟੀਆਂ, ਸੰਮੇਲਨ ਅਤੇ ਰੈਲੀਆਂ ਦੇ ਆਯੋਜਨ ਕੀਤੇ ਜਾ ਰਹੇ ਹਨ। ਜਦੋਂ ਇਨ੍ਹਾਂ ਪੰਥ ਦਰਦੀ ਜਥੇਬੰਦੀਆਂ ਦੇ ਆਗੂ

ਇਕੱਠੇ ਹੁੰਦੇ ਹਨ ਤਾਂ ਪੰਥਕ ਹਾਲਾਤ ਪ੍ਰਤੀ ਆਪਣੀ ਡੂੰਘੀ ਪੀੜਾ ਦਾ ਪ੍ਰਦਰਸ਼ਨ ਕਰਦੇ ਹਨ। ਉੱਪਰੋਂ ਵੇਖਣ ਨੂੰ ਇੰਝ ਜਾਪਦਾ ਹੈ ਕਿ ਕੌਮ ਉਪਰੋਕਤ ਪੰਥ ਮਾਰੂ ਹਾਲਾਤ ਤੋਂ ਸੁਚੇਤ ਹੋ ਗਈ ਹੈ ਪਰ ਹਕੀਕਤ ਵਿੱਚ ਨਤੀਜੇ ਨਾਂਹ ਦੇ ਬਰਾਬਰ ਹਨ। ਛੋਟੇ-ਛੋਟੇ ਧੜਿਆਂ ਵਿੱਚ ਵਿਚਰਦੀਆਂ ਇਹਨਾਂ ਜਥੇਬੰਦੀਆਂ ਦੀ ਸ਼ਕਤੀ ਬਹੁਤ ਸੀਮਤ ਹੈ। ਅੱਜ ਕੌਮ ਦੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਪਹਿਲੀ ਅਤੇ ਤੀਜੀ ਕਿਸਮ ਦੀਆਂ ਜਥੇਬੰਦੀਆਂ ਸਿਰ ਜੋੜ ਕੇ ਇਕੱਠੀਆਂ ਬੈਠਣ ਅਤੇ ਗੁਰੂ ਗਿਆਨ ਦੀ ਰੌਸ਼ਨੀ ਵਿੱਚ ਗੁਰਮਤਿ ਦੇ ਸੰਕਲਪਾਂ ਨੂੰ ਉਜਾਗਰ ਕੀਤਾ ਜਾਵੇ; ਆਪਸੀ ਮਸਲੇ ਅਤੇ ਮੱਤਭੇਦ ਦੂਰ ਕਰਨ ਦੇ ਉਪਰਾਲੇ ਕੀਤੇ ਜਾਣ; ਪੰਥ ਦੀ ਚੜ੍ਹਦੀ ਕਲਾ ਦੀਆਂ ਵਿਉਤਾਂ ਬਣਾਈਆਂ ਜਾਣ। ਉਹ ਮੁੱਦੇ ਜੋ ਪੰਥ ਵਿੱਚ ਦੁਬਿਧਾ ਪੈਦਾ ਕਰਨ ਅਤੇ ਵੰਡੀਆਂ ਪਾਉਣ ਦਾ ਕਾਰਣ ਬਣ ਸਕਦੇ ਹਨ, ਉਹਨਾਂ ਉੱਤੇ ਗੁਰਸਿੱਖ ਵੀਰਾਂ ਵਾਲੇ ਪਿਆਰ ਅਤੇ ਸਦਭਾਵਨਾ ਵਾਲੇ ਮਾਹੌਲ ਵਿੱਚ ਬੈਠ ਕੇ, ਗੁਰਮਤਿ ਦੀ ਕਸਵੱਟੀ ਉੱਤੇ ਪਰਖ ਕੇ ਗੁਰਮਤਿ ਦੇ ਸੱਚ ਨੂੰ ਉਜਾਗਰ ਕਰਨ ਵਾਲੇ ਫ਼ੈਸਲੇ ਲਏ ਜਾਣ ਤਾਂ ਕਿ ਪੰਥ ਦੀ ਇੱਕ ਵੱਡੀ ਸ਼ਕਤੀ ਉਜਾਗਰ ਹੋ ਸਕੇ ਜਿਹੜੀ ਨਿਘਾਰ ਵਾਲੇ ਮਾਹੌਲ ਨੂੰ ਠੱਲ੍ਹ ਪਾ ਸਕੇ।

ਇਹ ਵਿਚਾਰ ਵੀ ਅਕਸਰ ਪੇਸ਼ ਕੀਤਾ ਜਾਂਦਾ ਹੈ ਕਿ ਸਿੱਖ ਪੰਥ ਵਿੱਚ ਵੰਡੀਆਂ ਪਾਉਣ ਵਾਲੇ ਮੁੱਦਿਆਂ ਨੂੰ ਕੁਝ ਸਮਾਂ ਨਾ ਹੀ ਛੇੜਿਆ ਜਾਵੇ ਅਤੇ ਆਪਸੀ ਸਦਭਾਵਨਾ ਦਾ ਮਾਹੌਲ ਤਿਆਰ ਹੋਣ ਤੋਂ ਬਾਅਦ ਹੀ ਇਨ੍ਹਾਂ ਮੁੱਦਿਆਂ ਨੂੰ ਵਿਚਾਰਿਆ ਜਾਵੇ। ਇਹ ਬੜੀ ਨਿਰਮਲ ਭਾਵਨਾ ਹੈ ਪਰ ਓਦੋਂ ਕੀ ਕੀਤਾ ਜਾਵੇ ਜਦੋਂ ਵਿਵਸਥਾ 'ਤੇ ਕਾਬਜ਼ ਲੋਕ ਇਨ੍ਹਾਂ ਵਿੱਚੋਂ ਕਿਸੇ ਮੁੱਦੇ ਨੂੰ ਉਭਾਰ ਕੇ ਪੰਥ ਵਿੱਚ ਵੱਡੇ ਵੱਡੇ ਵਿਵਾਦ ਖੜ੍ਹੇ ਕਰ ਦਿੰਦੇ ਹਨ ਅਤੇ ਇਹਨਾਂ ਦੀਆਂ ਸਾਜ਼ਿਸ਼ਾਂ ਤੋਂ ਅਚੇਤ ਸੱਚੇ ਪੰਥ ਦਰਦੀ ਵੀ ਭਾਵਨਾ ਦੇ ਵੇਗ ਵਿੱਚ ਵਹਿ ਕੇ ਗੁੰਮਰਾਹ ਹੋ ਜਾਂਦੇ ਹਨ। ਇਹ ਤਾਂ ਸੋਚਣਾ ਹੀ ਗ਼ਲਤ ਹੈ ਕਿ ਇਹ ਸੁਆਰਥੀ ਲੋਕ ਵੀ ਕਦੇ ਸਦਭਾਵਨਾ ਵਾਲਾ ਮਾਹੌਲ ਤਿਆਰ ਕਰਨ ਅਤੇ ਪੰਥਕ ਮੁੱਦਿਆਂ ਅਤੇ ਮਸਲਿਆਂ ਨੂੰ ਹੱਲ ਕਰਨ ਪ੍ਰਤੀ ਸੱਚੇ ਮਨ ਨਾਲ ਸੁਹਿਰਦ ਹੋਣਗੇ ਕਿਉਂਕਿ ਇਹਨਾਂ ਦੀਆਂ ਤਾਂ ਦੁਕਾਨਾਂ ਹੀ ਪੰਥ ਵਿੱਚ ਵੰਡੀਆਂ ਪਾਉਣ ਵਾਲੇ ਵਿਵਾਦ ਖੜ੍ਹੇ ਕਰਨ ਕਾਰਣ ਹੀ ਚੱਲ ਰਹੀਆਂ ਹਨ।

ਉਪਰੋਕਤ ਵਿਚਾਰ ਦਾ ਤੱਤਸਾਰ ਇਹ ਹੈ ਕਿ ਅੱਜ ਪੰਥ ਦਰਦੀ ਸ਼ਖ਼ਸੀਅਤਾਂ ਅਤੇ ਸੱਚਮੁੱਚ ਦੀਆਂ ਪੰਥਕ ਜਥੇਬੰਦੀਆਂ ਨੂੰ ਮਿਲ ਬੈਠ ਕੇ ਵਿਚਾਰ ਵਟਾਂਦਰਾ ਕਰਨ ਦਾ ਸਿਲਸਿਲਾ ਫੌਰੀ ਤੌਰ 'ਤੇ ਸ਼ੁਰੂ ਕਰਨਾ ਚਾਹੀਦਾ ਹੈ। ਇਹ ਉਪਰਾਲਾ ਪੰਥ ਵਿੱਚੋਂ ਗੁਆਚ ਚੁੱਕੇ "ਸਰਬੱਤ ਖ਼ਾਲਸਾ" ਦੇ ਪਵਿੱਤਰ ਸੰਕਲਪ ਨੂੰ ਮੁੜ ਤੋਂ ਉਜਾਗਰ ਕਰੇਗਾ ਅਤੇ "ਸਰਬੱਤ ਖ਼ਾਲਸਾ" ਦੀ ਸੰਸਥਾ ਦਾ ਸਥਾਪਤ ਹੋਣਾਂ ਖ਼ਾਲਸਾ ਪੰਥ ਦੇ ਮੁੜ ਤੋਂ ਚੜ੍ਹਦੀਆਂ ਕਲਾ ਵੱਲ ਪਰਤਣ ਦਾ ਯਕੀਨੀ ਹੱਲ ਹੈ। 16 ਅਤੇ 17 ਅਕਤੂਬਰ 2004 ਨੂੰ ਚੰਡੀਗੜ੍ਹ ਵਿੱਚ ਹੋ ਰਿਹਾ 'ਵਿਸ਼ਵ ਸਿੱਖ ਸੰਮੇਲਨ' ਇਸੇ ਉਪਰਾਲੇ ਦੀ ਇੱਕ ਨਿਮਾਣੀ ਜਿਹੀ ਸ਼ੁਰੂਆਤ ਹੈ। ਦਾਸ ਸਮੂਹ ਪੰਥਕ ਜਥੇਬੰਦੀਆਂ, ਸੰਸਥਾਵਾਂ ਅਤੇ ਪੰਥ ਦਰਦੀ ਸ਼ਖ਼ਸੀਅਤਾਂ ਨੂੰ ਇਸ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਦਿੰਦਾ ਹੈ।

"ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ"

✪✪✪✪✪

## ਜਾਤਪਾਤ ਤੇ ਸਿੱਖ

**ਸਰਦਾਰ ਜਗਜੀਤ ਸਿੰਘ**

**[ਸਰਦਾਰ ਜਗਜੀਤ ਸਿੰਘ ਅੱਜ ਦੇ ਜ਼ਮਾਨੇ ਵਿੱਚ ਵੱਡੇ ਇਤਿਹਾਸਕਾਰ ਅਤੇ ਵੱਡੇ ਮਹਾਤਮਾ ਹੋਏ ਹਨ। ਉਹਨਾਂ ਦੀਆਂ ਕਈ ਕੀਮਤੀ ਕਿਤਾਬਾਂ ਸਿੱਖ ਪੰਥ ਦਾ ਬੌਧਿਕ ਸਰਮਾਇਆ ਹਨ। ਅੱਜ, ਜਦੋਂ ਕਿ ਸਿੱਖ ਧਰਮ ਉੱਤੇ ਜਾਤ-ਪਾਤ ਦੇ ਮਸਲੇ ਨੂੰ ਲੈ ਕੇ ਕਈ ਅਣਜਾਣ ਅਤੇ ਬੇਈਮਾਨ ਉਂਗਲਾਂ ਉੱਠ ਰਹੀਆਂ ਹਨ, ਅਸੀਂ ਉਹਨਾਂ ਦੀ 'ਜਾਤ-ਪਾਤ ਤੇ ਸਿੱਖ' ਕਿਤਾਬ ਨੂੰ ਲੜੀਵਾਰ ਛਾਪਣਾ ਲਾਸਾਨੀ ਗੁਰੂ ਸਾਹਿਬਾਨ ਦੀ ਅਦੁੱਤੀ ਦੇਣ, ਜਾਤ-ਪਾਤ ਰਹਿਤ ਸਮਾਜ, ਨੂੰ ਉਜਾਗਰ ਕਰਨ ਦਾ ਸਾਧਨ ਸਮਝਦੇ ਹਾਂ। ਏਸ ਗਹਿਰ-ਗੰਭੀਰ ਕਿਤਾਬ ਦੇ ਛਾਪਣ ਨੂੰ ਅਸੀਂ 'ਵਿਸ਼ਵ ਸਿੱਖ ਬੁਲੇਟਿਨ' ਲਈ ਮਾਣ ਅਤੇ ਸਰਦਾਰ ਜਗਜੀਤ ਸਿੰਘ ਦਾ ਸਤਿਕਾਰ ਅਤੇ ਗੁਰਬਾਣੀ ਦੇ ਸੱਚ ਨੂੰ ਸ਼ਰਧਾਂਜਲੀ ਜਾਣਦੇ ਹਾਂ - ਸੰਪਾਦਕ]**

**ਅਗਸਤ 2004 ਅੰਕ ਤੋਂ ਅੱਗੇ ਪੜ੍ਹੋ:**

### (ੲ) ਜਾਤਪਾਤੀ ਕਦਰਾਂ ਨੂੰ ਉਲਟਣਾ:

ਚੂਹੜੇ "ਪੰਜਾਬ ਦੀ ਸਭ ਤੋਂ ਛੇਕੀ ਹੋਈ ਜਾਤ ਹਨ, ਜਿਨ੍ਹਾਂ ਦਾ ਨਾਂ ਆਮ ਤੌਰ 'ਤੇ 'ਸ਼ੂਦਰ' ਸ਼ਬਦ ਤੋਂ ਵਿਗੜ ਕੇ ਬਣਿਆ ਸਮਝਿਆ ਜਾਂਦਾ ਹੈ।" ਇਸ ਕਰਕੇ ਇਹ ਪੰਜਾਬ ਦੀ ਸਭ ਤੋਂ ਭਰਿਸ਼ਟੀ ਹੋਈ ਜਾਤ ਸਨ। ਕਿਸੇ ਉੱਪਰਲੀ ਜਾਤ ਦੇ ਬੰਦੇ ਨਾਲ ਇਹਨਾਂ ਦੀ ਛੋਹ ਵੀ ਉਸ ਨੂੰ ਭਿੱਟ ਦੇਂਦੀ ਸੀ। ਜਦੋਂ ਇਸ ਜਾਤ ਦੇ ਬੰਦੇ ਸਿੱਖ ਬਣ ਜਾਂਦੇ ਤਾਂ ਉਨ੍ਹਾਂ ਨੂੰ ਵਡਿਆਉਣ ਲਈ 'ਰੰਘਰੇਟੇ' ਦਾ ਖ਼ਿਤਾਬ ਦਿੱਤਾ ਜਾਂਦਾ — ਉਸੇ ਤਰ੍ਹਾਂ ਜਿਵੇਂ ਅੱਜਕੱਲ੍ਹ ਹੇਠਲੀਆ

ਜਾਤਾਂ ਨੂੰ 'ਹਰੀਜਨ' ਕਿਹਾ ਜਾਂਦਾ ਹੈ। 'ਰੰਘਰੇਟਾ ਗੁਰੂ ਕਾ ਬੇਟਾ' ਅਰਥਾਤ 'ਰੰਘਰੇਟਾ ਗੁਰੂ ਦਾ ਪੁੱਤਰ ਹੈ' ਦੀ ਕਹਾਵਤ ਪੰਜਾਬ ਵਿੱਚ ਆਮ ਪ੍ਰਚੱਲਤ ਹੈ। ਇਹ ਕਹਾਵਤ ਇੱਕ ਨਿਸ਼ਾਨੀ ਹੈ ਜੋ ਜ਼ਾਹਰ ਕਰਦੀ ਹੈ ਕਿ ਸਿੱਖ ਲਹਿਰ ਨੇ ਉਹਨਾਂ ਦੇ ਰੁਤਬੇ ਨੂੰ ਕਿੰਨਾਂ ਉੱਪਰ ਚੁੱਕਣ ਦਾ ਯਤਨ ਕੀਤਾ। ਅਸੀਂ ਵੇਖ ਚੁੱਕੇ ਹਾਂ ਕਿ ਰੰਘਰੇਟੇ (ਉਹ ਬੰਦੇ ਜਿਨ੍ਹਾਂ ਦੀ ਜਾਤ-ਪਾਤੀ ਸਮਾਜ ਵਿੱਚ ਛੋਹ ਨਾ ਕੇਵਲ ਆਦਮੀ ਨੂੰ ਭਿੱਟ ਦੇਂਦੀ ਬਲਕਿ ਜੋ ਉਸ ਦੇ ਹੱਥ ਖਾਣ-ਪੀਣ ਵਾਲੀ ਚੀਜ਼ ਹੁੰਦੀ ਉਸ ਨੂੰ ਵੀ ਭਿੱਟ ਦੇਂਦੀ) ਖ਼ਾਲਸਾ ਦਲ ਦੇ ਬ੍ਰਾਹਮਣਾਂ, ਖੱਤਰੀਆਂ, ਜੱਟਾਂ ਤੇ ਹੋਰ ਜਾਤਾਂ ਤੋਂ ਆਏ ਮੈਂਬਰਾਂ ਨਾਲ ਨਾ ਕੇਵਲ ਸਾਂਝਾ ਭੋਜਨ ਕਰਦੇ ਸਨ ਬਲਕਿ ਭਰਾ ਭਰਾ ਸਮਝੇ ਜਾਂਦੇ ਸਨ। ਜਦੋਂ ਤਰਨਾ ਦਲ (ਖ਼ਾਲਸਾ ਦਲ ਦੇ ਨੌਜਵਾਨਾਂ ਦਾ ਜੱਥਾ) ਪੰਜ ਜਥਿਆਂ ਵਿੱਚ ਵੰਡਿਆ ਗਿਆ ਤਾਂ ਇੱਕ ਜੱਥੇ ਦਾ ਜੱਥੇਦਾਰ ਬੀਰ ਸਿੰਘ 'ਰੰਘਰੇਟਾ' ਸੀ। ਦੂਸਰੇ ਚਾਰ ਜੱਥਿਆਂ ਵਾਂਗ ਇਸ ਜੱਥੇ ਨੂੰ ਵੀ ਅਕਾਲ ਤਖ਼ਤ ਤੋਂ ਇੱਕ ਝੰਡਾ ਦਿੱਤਾ ਗਿਆ। ਇਸ ਤਰ੍ਹਾਂ ਉਹਨਾਂ ਨੂੰ ਦੂਜਿਆਂ ਨਾਲ ਬਰਾਬਰ ਦਾ ਦਰਜਾ ਦਿੱਤਾ ਗਿਆ। ਜਦੋਂ ਆਲਾ ਸਿੰਘ ਨੇ ਖ਼ਾਲਸਾ ਦਲ ਦੀ ਮਦਦ ਨਾਲ ਮਲੇਰਕੋਟਲਾ ਦੀ ਫ਼ੌਜ ਨੂੰ ਹਰਾਇਆ ਤਾਂ ਉਸ ਨੇ ਮਾਣ ਵਜੋਂ ਖ਼ਾਲਸਾ ਦਲ ਨੂੰ ਘੋੜੇ ਪੇਸ਼ ਕੀਤੇ। ਇਹ ਮਾਣ ਲੈਣ ਲਈ ਖ਼ਾਲਸਾ ਦਲ ਨੇ ਬੀਰ ਸਿੰਘ ਰੰਘਰੇਟਾ ਨੂੰ ਚੁਣ ਕੇ ਸਭ ਤੋਂ ਪਹਿਲ ਦਿੱਤੀ। ਜਦੋਂ ਇਨਕਲਾਬੀ ਜੋਸ਼ ਠੰਡਾ ਪੈ ਗਿਆ ਤਾਂ ਖ਼ਾਲਸੇ ਤੋਂ ਬਾਅਦ ਦੇ ਸਮੇਂ ਵਿੱਚ ਉਹਨਾਂ ਨਾਲ ਫਿਰ ਪਹਿਲਾਂ ਵਰਗਾ ਵਿਤਕਰਾ ਹੋਣ ਲੱਗ ਪਿਆ। ਇਸ ਤਰੀਕੇ ਨਾਲ ਇਹ ਪਿੱਛੋਂ ਪੈਦਾ ਹੋਇਆ ਵਿਤਕਰਾ, ਖ਼ਾਲਸਾ ਸਮੇਂ ਵਿੱਚ ਲਹਿਰ ਦੀ ਪ੍ਰਾਪਤੀ ਨੂੰ ਉਘੇੜਦਾ ਹੈ। ਇਹ ਠੀਕ ਹੈ ਕਿ ਗੁਰੂਆਂ ਤੋਂ ਬਾਅਦ ਲਹਿਰ ਦੀ ਆਦਰਸ਼ਕ ਚੜ੍ਹਤ ਸਿਰਫ਼ ਪਞੱਤਰ ਸਾਲ ਦੇ ਕਰੀਬ ਹੀ ਕਾਇਮ ਰਹੀ ਪਰ ਆਦਰਸ਼ਕ ਸਪਿਰਟ ਦੀ ਗੁੱਡੀ ਬਹੁਤੇ ਲੰਮੇ ਸਮੇਂ ਤੱਕ ਘੱਟ ਹੀ ਚੜ੍ਹੀ ਰਹਿੰਦੀ ਹੈ। ਸੰਸਾਰ ਦੇ ਇਤਿਹਾਸ ਵਿੱਚ ਸਾਨੂੰ ਐਸੀ ਕੋਈ ਮਿਸਾਲ ਨਜ਼ਰ ਨਹੀਂ ਆਉਂਦੀ ਜਿੱਥੇ ਕਿਸੇ ਲਹਿਰ ਦੇ ਬਾਨੀਆਂ ਦੇ ਬੀਤ ਜਾਣ ਪਿੱਛੋਂ ਕੋਈ ਆਦਰਸ਼ਕ ਲਹਿਰ ਆਪਣੀ ਸ਼ੁੱਧ ਸਪਿਰਟ ਇਸ ਨਾਲੋਂ ਵਧੇਰੇ ਸਮੇਂ ਲਈ ਕਾਇਮ ਰੱਖ ਸਕੀ ਹੋਵੇ।

ਅਸੀਂ ਰੰਘਰੇਟਿਆਂ ਦੀ ਮਿਸਾਲ ਇਸ ਕਰਕੇ ਲਈ ਹੈ ਕਿ ਇਹ ਸਭ ਤੋਂ ਹੇਠਲੀ ਜਾਤ ਸੀ ਜਿਸ ਵਿੱਚੋਂ ਸਿੱਖ ਲਹਿਰ ਦੀ ਭਰਤੀ ਹੋਈ। ਉਹਨਾਂ ਦੀ ਮਿਸਾਲ ਤੋਂ ਇਹ ਵਧੇਰੇ ਚੰਗੀ ਤਰ੍ਹਾਂ ਉੱਘੜਦਾ ਹੈ ਕਿ ਸਿੱਖ ਲਹਿਰ ਨੇ ਕਿਵੇਂ ਨੀਵੀਆਂ ਜਾਤਾਂ ਦਾ ਦਰਜਾ ਉੱਚਾ ਕੀਤਾ ਪਰ ਮੌਜੂਦਾ ਸਿੱਖ ਪੰਥ ਵਿੱਚ ਸਭ ਤੋਂ ਵੱਧ ਗਿਣਤੀ ਜੱਟਾਂ ਦੀ ਹੈ ਤੇ ਸਿੱਖ ਲਹਿਰ ਵਿੱਚ ਸ਼ਾਮਲ ਹੋ ਕੇ ਆਪਣਾ ਭਾਈਚਾਰਕ ਰੁਤਬਾ ਉੱਚਾ ਕਰਨ ਵਿੱਚ ਸਭ ਤੋਂ ਵੱਧ ਫ਼ਾਇਦਾ ਇਹਨਾਂ ਉਠਾਇਆ। ਇਸ ਦਾ ਇੱਕ ਵੱਡਾ ਕਾਰਣ ਇਹ ਹੈ ਕਿ ਜੱਟਾਂ ਨੇ ਆਪਣਾ ਉੱਚਾ ਹੋਇਆ ਦਰਜਾ ਸੰਭਾਲੀ ਰੱਖਿਆ ਪਰ ਰੰਘਰੇਟਿਆਂ ਇਸ ਨੂੰ ਨਹੀਂ ਸੰਭਾਲਿਆ। ਅੱਜ ਕੱਲ੍ਹ ਸਿੱਖ ਪੰਥ ਵਿੱਚ ਜੱਟਾਂ ਦਾ ਜੋ ਉੱਚਾ ਭਾਈਚਾਰਕ ਦਰਜਾ ਹੈ, ਉਹ ਆਪਣੇ ਆਪ ਉੱਚਾ ਨਹੀਂ ਸੀ ਹੋ ਗਿਆ; ਇਹ ਸਿੱਖ ਲਹਿਰ ਵਿੱਚ ਸ਼ਾਮਲ ਹੋਣ ਕਰ ਕੇ ਉੱਚਾ ਹੋਇਆ। ਇਸ ਦਾ ਪਤਾ ਤਾਂ ਲੱਗਦਾ ਹੈ ਜੇ ਸਿੱਖ ਲਹਿਰ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਦੇ ਉਹਨਾਂ ਦੇ ਭਾਈਚਾਰਕ ਦਰਜੇ ਵੱਲ ਝਾਤ ਮਾਰੀ ਜਾਏ। "836 ਈਸਵੀ ਵਿੱਚ ਇੱਕ ਅਰਬ ਗਵਰਨਰ ਨੇ ਉਹਨਾਂ (ਜੱਟਾਂ) ਨੂੰ ਜਜ਼ੀਆ ਅਦਾ ਕਰਨ ਲਈ ਬੁਲਾਇਆ। ਨੀਚਤਾ ਦੀ ਨਿਸ਼ਾਨੀ ਵਜੋਂ ਉਹਨਾਂ ਨੂੰ ਨਾਲ ਇੱਕ ਕੁੱਤਾ ਲਿਆਉਣ ਦਾ ਹੁਕਮ ਵੀ ਸੀ। ਇਸ ਤੋਂ ਪਹਿਲੋਂ ਦੀ ਬ੍ਰਾਹਮਣੀ ਹਕੂਮਤ ਨੇ ਵੀ ਉਹਨਾਂ ਉੱਤੇ ਇਹੋ ਸ਼ਰਤ ਲਾਈ ਹੋਈ ਸੀ।" ਅਲਬਰੂਨੀ (1030) ਦਾ ਨਿੱਜੀ ਤਜ਼ਰਬਾ ਲਾਹੌਰ ਦੇ ਇਲਾਕੇ (ਸਿੱਖ ਬਹੁ ਵਸੋਂ ਦੇ ਇਲਾਕੇ) ਤੱਕ ਸੀਮਤ ਸੀ। ਉਸ ਨੇ ਜੱਟਾਂ ਬਾਰੇ ਲਿਖਿਆ ਹੈ ਕਿ 'ਇਹ ਡੰਗਰ ਪਾਲਣ ਵਾਲੇ, ਨੀਵੇਂ ਸ਼ੂਦਰ ਹਨ।' ਦਬਿਸਤਾਨ-ਏ-ਮੁਜ਼ਾਹਿਬ (1655) ਦਾ ਲੇਖਕ ਸਿੱਖਾਂ ਬਾਰੇ ਵਰਨਣ ਕਰਦਿਆਂ ਲਿਖਦਾ ਹੈ ਕਿ ਜੱਟ 'ਵੈਸ਼ਾਂ ਦੀ ਸਭ ਤੋਂ ਹੇਠਲੀ ਜਾਤ ਹਨ।' ਇਸ ਪੁਜ਼ੀਸ਼ਨ ਦੇ ਐਨ ਉਲਟ ਸਿੱਖ ਲਹਿਰ ਵਿੱਚ ਸ਼ਾਮਲ ਹੋਣ ਪਿੱਛੋਂ "ਸਿੱਖਾਂ ਦੇ ਰਾਜ ਵਿੱਚ ਜੱਟ, ਰਾਜਪੂਤਾਂ ਉੱਤੇ ਭਾਰੂ ਹੋ ਗਏ। (ਸਿੱਖ ਜੱਟ) ਰਾਜਪੂਤਾਂ ਦੀ ਆਪਣੇ ਦਰਜੇ ਦੇ ਵੱਡੇ ਹੋਣ ਦੀ ਹੈਂਕੜ ਨੂੰ ਨਹੀਂ ਸਹਾਰਦੇ ਸਨ। ਉਹ ਇਸ ਕਰਕੇ ਵੀ ਰਾਜਪੂਤਾਂ ਨਾਲ ਨਾਰਾਜ਼ ਸਨ ਕਿ ਰਾਜਪੂਤ ਖ਼ਾਲਸੇ ਵਿੱਚ ਸ਼ਾਮਲ ਹੋ ਕੇ ਜੱਟਾਂ ਦੇ ਬਰਾਬਰ ਨਹੀਂ ਹੋਣਾ ਚਾਹੁੰਦੇ ਸਨ। ਇਸ ਕਰਕੇ ਜਿੱਥੇ ਵੀ ਅਤੇ ਜਦੋਂ ਵੀ ਉਹਨਾਂ (ਜੱਟਾਂ) ਦੇ ਹੱਥ ਤਾਕਤ ਆਈ, ਉਹਨਾਂ ਨੇ ਰਾਜਪੂਤਾਂ ਨੂੰ ਤੰਗ ਕੀਤਾ। (ਜੱਟ) ਆਪਣੇ ਸਿੱਖ ਹੋਣ ਦੇ ਰੁਤਬੇ ਨੂੰ ਵੱਡੇ ਤੋਂ ਵੱਡੇ ਰਾਜਪੂਤ ਨਾਲੋਂ ਉੱਚਾ ਸਮਝਦੇ ਸਨ।" ਸਿੱਖ ਜੱਟਾਂ ਦਾ ਰੁਤਬਾ ਸਿੱਖ ਲਹਿਰ ਵਿੱਚ ਸ਼ਾਮਲ ਹੋਣ ਕਰਕੇ ਉੱਚਾ ਹੋਇਆ। ਇਹ ਹਕੀਕਤ ਤਾਂ ਸਪਸ਼ਟ ਹੁੰਦੀ ਹੈ ਜੇ ਸਿੱਖ ਇਲਾਕੇ ਦੇ ਸਿੱਖ ਜੱਟਾਂ ਦੇ ਰੁਤਬੇ ਦਾ ਗੁਆਂਢੀ ਇਲਾਕਿਆਂ ਦੇ ਗ਼ੈਰ-ਸਿੱਖ ਜੱਟਾਂ ਦੇ ਰੁਤਬੇ ਨਾਲ ਮੁਕਾਬਲਾ ਕੀਤਾ ਜਾਏ। ਪਹਾੜ ਦੇ ਨਾਲ ਲੱਗਦੇ ਪੂਰਬ ਵੱਲ ਦੇ ਤਰਾਈ ਦੇ ਇਲਾਕਿਆ ਦੇ ਗ਼ੈਰ-ਸਿੱਖ ਜੱਟਾਂ ਬਾਰੇ ਇਬਟਸਨ ਆਪਣੀ ਮਰਦਮ

ਸ਼ੁਮਾਰੀ ਦੀ ਰਿਪੋਰਟ (1881) ਵਿੱਚ ਲਿਖਦਾ ਹੈ: "ਜਿਨ੍ਹਾਂ ਕਬੀਲਿਆਂ ਬਾਰੇ ਮੈਂ ਹਣ ਲਿਖਣ ਲੱਗਾ ਹਾਂ, ਉਹਨਾਂ ਦੇ ਸੁਭਾਅ ਅਤੇ ਪੁਜ਼ੀਸ਼ਨ ਵਿੱਚ (ਸਿੱਖ ਇਲਾਕੇ ਦੇ ਸਿੱਖ ਜੱਟਾਂ ਨਾਲੋਂ) ਕੋਈ ਖ਼ਾਸ ਵਖਰੇਵਾਂ ਨਹੀਂ — ਸਿਵਾਇ ਇਸ ਦੇ ਕਿ ਉਹਨਾਂ ਨੂੰ ਸਿਆਸੀ ਅਹਿਮੀਅਤ ਕਦੇ ਨਹੀਂ ਮਿਲੀ ਜੋ ਖ਼ਾਲਸੇ ਵਿੱਚ ਸਿੱਖ ਜੱਟਾਂ ਨੂੰ ਮਿਲੀ ਹੋਈ ਸੀ। ਸਿੱਖਾਂ ਵਿੱਚ ਜੱਟਾਂ ਦੀ ਸਿਆਸੀ ਪੁਜ਼ੀਸ਼ਨ ਇਤਨੀ ਉੱਚੀ ਸੀ ਕਿ ਉਹ ਰਾਜਪੂਤ ਅਖਵਾਉਣਾ ਪਸੰਦ ਨਹੀਂ ਕਰਦੇ ਸਨ। ਪਹਾੜੀਆਂ ਦੇ ਨਾਲ ਲੱਗਵੀਂ ਤਰਾਈ ਦੇ ਇਲਾਕੇ ਵਿੱਚ ਰਾਜਪੂਤਾਂ ਦਾ ਦਰਜਾ ਏਨਾ ਉੱਚਾ ਹੈ ਕਿ (ਉੱਥੋਂ ਦੇ) ਜੱਟ ਇਹ ਆਸ ਹੀ ਨਹੀਂ ਕਰ ਸਕਦੇ ਕਿ ਉਹ ਆਪਣੇ ਆਪ ਨੂੰ ਕਦੇ ਰਾਜਪੂਤ ਅਖਵਾ ਸਕਣ।" ਏਸੇ ਤਰ੍ਹਾਂ ਪੰਜਾਬ ਦੇ ਦੱਖਣੀ ਪੂਰਬੀ ਜ਼ਿਲ੍ਹਿਆਂ (ਹਰਿਆਣੇ) ਦੇ ਜੱਟ "ਮਾਲਵੇ ਦੇ ਵੱਡੇ ਸਿੱਖ ਜੱਟਾਂ ਦੇ ਕਬੀਲਿਆਂ ਨਾਲੋਂ ਸਿਵਾਇ ਧਰਮ ਦੇ ਹੋਰ ਕਿਸੇ ਤਰ੍ਹਾਂ ਵੀ" ਵੱਖਰੇ ਨਹੀਂ। ਪਰ ਹੁਣ ਤੱਕ (ਬਰਤਾਨਵੀ ਰਾਜ ਦੇ ਪਿਛਲੇ ਸਮੇਂ ਤੱਕ ਵੀ) ਉਹ ਰਾਜਪੂਤਾਂ ਦੇ ਹੇਠ ਵਗਦੇ ਰਹੇ ਹਨ। "ਰਾਜਪੂਤਾਂ ਦੇ ਪੁਰਾਣੇ ਚੜ੍ਹਤ ਦੇ ਦਿਨਾਂ ਵਿੱਚ ਰਾਜਪੂਤ ਜੱਟਾਂ ਨੂੰ ਪੱਗ ਨਾਲ ਸਿਰ ਨਹੀਂ ਕੱਜਣ ਦਿੰਦੇ ਸਨ, ਆਪਣੇ ਪਿੰਡਾਂ ਵਿੱਚ ਰਾਜਪੂਤ ਨੀਵੀਆਂ ਜਾਤਾਂ ਨੂੰ ਲਾਲ ਕੱਪੜੇ ਜਾਂ ਲੱਕ ਦੇ ਦੁਆਲੇ ਖੁੱਲ੍ਹੇ ਕੱਪੜੇ ਨਹੀਂ ਪਾਉਣ ਦੇਂਦੇ।" ਏਥੋਂ ਤੱਕ ਕਿ ਹਰਿਆਣੇ ਦੇ ਹਿੰਦੂ ਜਾਟਾਂ ਦੇ ਗੜ੍ਹ ਰੋਹਤਕ ਦੇ ਇਲਾਕੇ ਵਿੱਚ ਨਵੀਆਂ ਵਿਆਹੁੜ ਜੱਟਾਂ ਦੀਆਂ ਨੂੰਹਾਂ ਨੂੰ ਪਹਿਲੀ ਰਾਤ ਆਪਣੇ ਪਤੀ ਦੇ ਬਜਾਏ ਰਾਜਪੂਤ ਦੇ ਘਰ ਗੁਜ਼ਾਰਨੀ ਪੈਂਦੀ। ਪੱਛਮੀ ਪੰਜਾਬ ਵਿੱਚ ਮੁਸਲਮਾਨਾਂ ਦੀ ਬਹੁਗਿਣਤੀ ਹੈ ਪਰ ਉੱਥੇ ਵੀ ਜੱਟ ਨੂੰ ਘਟੀਆ ਨਸਲ ਸਮਝਿਆ ਜਾਂਦਾ ਹੈ। ਕੇਂਦਰੀ ਅਤੇ ਪੂਰਬੀ ਪੰਜਾਬ ਦੇ ਜੱਟ ਨਾਲੋਂ ਉਸ ਦੀ ਪੁਜ਼ੀਸ਼ਨ ਏਥੇ ਨੀਵੀਂ ਹੈ।

ਅਸੀਂ ਇਹ ਮਿਸਾਲਾਂ ਸਿੱਖ ਜੱਟਾਂ ਦੇ ਆਪਣੇ ਰੁਤਬੇ ਦੇ ਵੱਡਾ ਹੋਣ ਦੇ ਅਭਿਮਾਨ ਨੂੰ ਜਾਇਜ਼ ਦੱਸਣ ਲਈ ਨਹੀਂ ਦੇ ਰਹੇ ਕਿਉਂਕਿ ਸਿੱਖ ਲਹਿਰ ਦਾ ਨਿਸ਼ਾਨਾ ਸਭ ਪ੍ਰਕਾਰ ਦੀ ਸਮਾਜੀ ਦਰਜਾ-ਬਦਰਜੀ ਨੂੰ ਹਟਾਉਣਾ ਸੀ। ਸਿੱਖ ਲਹਿਰ ਦਾ ਇਹ ਨਿਸ਼ਾਨਾ ਨਹੀਂ ਸੀ ਕਿ ਇੱਕ ਕਿਸਮ ਦੀ ਦਰਜਾ-ਬਦਰਜੀ ਹਟਾ ਕੇ ਉਸ ਦੀ ਥਾਂ ਦੂਸਰੀ ਕਿਸਮ ਦੀ ਦਰਜਾ-ਬਦਰਜੀ ਥਾਪ ਦਿੱਤੀ ਜਾਏ। ਪਰ ਇਹ ਮਿਸਾਲਾਂ ਇਸ ਹਕੀਕਤ ਨੂੰ ਸਪਸ਼ਟ ਕਰਦੀਆਂ ਹਨ ਕਿ ਸਿੱਖ ਲਹਿਰ ਨੇ ਜਾਤ-ਪਾਤ ਵੱਲੋਂ ਕਾਇਮ ਕੀਤੀ ਹੋਈ ਦਰਜਾ-ਬਦਰਜੀ ਨੂੰ ਕਿੱਥੋਂ ਤੱਕ ਤੋੜਿਆ; ਅਤੇ ਮੌਜੂਦਾ ਸਿੱਖ ਪੰਥ ਵਿੱਚ ਜਿਨ੍ਹਾਂ ਜੱਟਾਂ ਦੀ ਬਹੁਗਿਣਤੀ ਹੈ, ਉਹਨਾਂ ਦਾ ਸਮਾਜਕ ਰੁਤਬਾ ਕਿਸ ਹੱਦ ਤੱਕ ਪੁਖਤਾ ਤੌਰ 'ਤੇ ਉੱਚਾ ਕੀਤਾ।

ਸਿੱਖ ਜੱਟਾਂ ਨੇ ਜਦ ਰਾਜਪੂਤਾਂ ਨੂੰ ਨੀਵਾਂ ਵਿਖਾਇਆ, ਜਿਸ ਕਾਰਣ ਕੁਦਰਤੀ ਤੌਰ ਉੱਤੇ ਇਹ ਕਿਸ ਤਰ੍ਹਾਂ ਹੋ ਸਕਦਾ ਸੀ ਕਿ ਉਹ ਕਿਸੇ ਹੋਰ ਜਾਤ ਦੀ ਆਪਣੇ ਉੱਤੇ ਛਟ ਝੱਲਣ। "ਬਾਣੀਏ ਨੂੰ ਇਹ ਮਾਣ ਸੀ ਕਿ ਉਹ ਜਨੇਊ ਪਹਿਨਦਾ ਹੈ, ਕੱਟੜ ਹਿੰਦੂ ਹੈ ਅਤੇ ਦਵੈ-ਜਾਤੀਆਂ ਵਿੱਚੋਂ ਹੈ। ਇਸ ਕਰਕੇ ਉਹ ਜੱਟ ਨੂੰ ਸ਼ੂਦਰ ਸਮਝਦਾ ਹੈ ਪਰ ਜੱਟ ਬਾਣੀਏ ਨੂੰ ਬੁਜ਼ਦਿਲ ਤੇ ਪੈਸਾ ਬਟੋਰ ਹੋਣ ਕਰਕੇ ਨਫ਼ਰਤ ਕਰਦਾ ਹੈ ਅਤੇ ਬਾਕੀ ਸਮਾਜ ਜੱਟ ਨਾਲ ਸਹਿਮਤ ਹੈ।" ਇਸ ਤਰ੍ਹਾਂ ਸਿੱਖ ਜੱਟਾਂ ਅਤੇ ਉਹਨਾਂ ਤੋਂ ਉੱਪਰਲੀਆਂ ਜਾਤਾਂ ਵਿਚਕਾਰ ਸਮਾਜਕ ਰੁਤਬੇ ਦਾ ਫ਼ਰਕ ਬਹੁਤ ਮਾਮੂਲੀ ਹੋ ਗਿਆ। ਦਰਅਸਲ ਸਿੱਖ ਜੱਟਾਂ ਅਤੇ ਸਿੱਖ ਉੱਚੀਆਂ ਜਾਤਾਂ ਵਿਚਕਾਰ ਸਮਾਜਕ ਸਬੰਧ ਹੁਣ ਕਿਸੇ ਧਿਰ ਦੇ ਜਾਤਪਾਤੀ ਵੱਲੋਂ ਮਿਥੇ ਉੱਚੇ ਜਾਂ ਨੀਵੇਂ ਹੋਣ ਦੇ ਮਾਪ ਉੱਤੇ ਨਿਰਭਰ ਨਹੀਂ ਹਨ। ਬਲਕਿ ਉਹਨਾਂ ਵਿਚਕਾਰ ਸਮਾਜਕ ਰੁਤਬੇ ਬਾਰੇ ਘੋਲ ਹੁਣ ਇਸ ਪੱਧਰ ਉੱਤੇ ਚੱਲ ਰਿਹਾ ਹੈ ਕਿ ਕੋਈ ਵੀ ਦੂਸਰੀ ਤੋਂ ਛੋਟੀ ਨਹੀਂ, ਅਰਥਾਤ ਸ਼ਰੀਕਤਾਈ ਦਾ ਘੋਲ। ਉੱਚੀਆਂ ਜਾਤਾਂ ਤੋਂ ਬਣੇ ਜਿਨ੍ਹਾਂ ਸਿੱਖਾਂ ਵਿੱਚ ਅਜੇ ਜਾਤਪਾਤੀ ਦੇ ਪ੍ਰਭਾਵ ਖ਼ਤਮ ਨਹੀਂ ਹੋਏ, ਉਹ ਆਪਣੇ ਆਪ ਨੂੰ ਉਹਨਾਂ ਪ੍ਰਭਾਵਾਂ ਦੇ ਅਸਰ ਹੇਠ ਵੱਡਾ ਸਮਝਦੇ ਹਨ ਤੇ ਜੱਟ ਸਿੱਖ ਇਸ ਕਰਕੇ ਆਪਣੇ ਆਪ ਨੂੰ ਕਿਸੇ ਤੋਂ ਘੱਟ ਨਹੀਂ ਸੀ ਸਮਝਦੇ ਕਿਉਂਕਿ ਸਿੱਖ ਲਹਿਰ ਨੇ ਉਹਨਾਂ ਦਾ ਸਮਾਜਕ ਰੁਤਬਾ ਉੱਚਾ ਕਰ ਦਿੱਤਾ ਹੈ। ਸਿੱਖ ਸਮਾਜ ਤੋਂ ਇਲਾਵਾ, ਜਾਤਪਾਤੀ ਸਮਾਜ ਵਿੱਚ ਹੋਰ ਕਿਤੇ ਵੀ ਉੱਚੀਆ ਜਾਤਾਂ ਦੇ ਮੁਕਾਬਲੇ ਦਾ ਬਰਾਬਰੀ ਅਤੇ ਗੌਰਵ ਦਾ ਇਹ ਦਰਜਾ ਆਮ ਕਿਸਾਨੀ ਨੂੰ ਪ੍ਰਾਪਤ ਨਹੀਂ ਹੋ ਸਕਿਆ।

**(ਸ) ਰਾਜਸੀ ਤਾਕਤ:**

ਸਿੱਖ ਲਹਿਰ ਨੇ ਨੀਵੀਆਂ ਜਾਤਾਂ ਤੋਂ ਪੰਥ ਵਿੱਚ ਸ਼ਾਮਲ ਹੋਏ ਲੋਕਾਂ ਦੇ ਕੇਵਲ ਭਾਈਚਾਰਕ ਰੁਤਬੇ ਨੂੰ ਹੀ ਉੱਚਾ ਨਹੀਂ ਕੀਤਾ। ਇਸ ਨੇ ਆਪਣੇ ਇਨਕਲਾਬੀ ਦੌਰ ਵਿੱਚ ਉਹਨਾਂ ਨੂੰ ਰਾਜਨੀਤਕ ਸੱਤਾ ਵਿੱਚ ਵੀ ਬਰਾਬਰ ਦਾ ਭਾਈਵਾਲ ਬਣਾਇਆ। ਸਿੱਖ ਲਹਿਰ ਦਾ ਤੀਸਰਾ ਨਿਸ਼ਾਨਾ ਸੀ ਗਰੀਬ ਜਨਤਾ ਦੇ ਹੱਥ ਰਾਜਸੀ ਸੱਤਾ ਦਿਵਾਉਣੀ। ਮੁਸਲਮਾਨ ਸਮਕਾਲੀ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਆਧਾਰ ਉੱਤੇ 'ਇਰਵਨ' ਲਿਖਦਾ ਹੈ: "ਜਿਨ੍ਹਾਂ ਪਰਗਨਿਆਂ ਉੱਤੇ ਸਿੱਖਾਂ ਦਾ ਕਬਜ਼ਾ ਹੋਇਆ, ਉੱਥੇ ਪੁਰਾਣੇ ਰਿਵਾਜ ਉੱਘੜਵੇਂ ਅਤੇ ਮੁਕੰਮਲ ਤੌਰ 'ਤੇ ਉਲਟ ਦਿੱਤੇ ਗਏ। ਹੇਠਲੀ ਜਾਤ ਦਾ ਕੋਈ ਚੂਹੜਾ ਜਾਂ ਚਮਾਰ (ਜਿਨ੍ਹਾਂ ਨੂੰ ਭਾਰਤ ਵਿੱਚ ਸਭ ਤੋਂ ਨੀਚ ਮਿਥਿਆ ਜਾਂਦਾ ਹੈ) ਜਦੋਂ ਘਰ ਛਡ ਕੇ ਗੁਰੂ (ਬੰਦੇ) ਨਾਲ ਜਾ ਰਲਦਾ ਸੀ ਤਾਂ ਥੋੜ੍ਹੇ ਹੀ ਸਮੇਂ ਬਾਅਦ ਉਹ ਆਪਣੀ ਮਾਤਭੂਮੀ ਦਾ ਹਾਕਮ ਬਣ ਕੇ

ਪਰਤਦਾ ਸੀ। ਉਸ ਦੇ ਹੱਥ ਵਿੱਚ ਹਾਕਮ ਬਣਾਏ ਜਾਣ ਦਾ ਪਰਵਾਨਾ ਹੁੰਦਾ ਸੀ। ਜਿਉਂ ਹੀ ਉਹ (ਪਿੰਡ ਜਾਂ ਕਸਬੇ ਦੀ) ਜੂਹ ਵਿੱਚ ਵੜਦਾ ਸੀ, ਉੱਚੀਆਂ ਜਾਤਾਂ ਵਾਲੇ ਤੇ ਧਨੀ ਉਸ ਨੂੰ ਅੱਗੋਂ ਹੋ ਕੇ ਲੈਣ ਲਈ ਆਉਂਦੇ ਅਤੇ ਉਸ ਨੂੰ ਘਰ ਲੈ ਜਾਂਦੇ। ਉੱਥੇ ਜਾ ਕੇ ਉਹ ਹੱਥ ਜੋੜ ਕੇ ਉਸ ਦੇ ਸਾਹਮਣੇ ਖਲੋ ਜਾਂਦੇ ਤੇ ਉਸ ਦੇ ਹੁਕਮ ਦਾ ਇੰਤਜ਼ਾਰ ਕਰਦੇ।" "ਸਾਰੀ (ਰਾਜਸੀ) ਸੱਤਾ ਉੱਤੇ ਸਿੱਖਾਂ ਨੇ ਕਬਜ਼ਾ ਕਰ ਲਿਆ। ਬਾਰੀ ਦੁਆਬ ਵਿੱਚ ਹੈਬਤਪੁਰ ਪੱਟੀ ਦੇ ਇੱਕ ਗ਼ਰੀਬ ਘਰਾਣੇ ਦੇ ਬੀਰ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਜਾਂ ਗਵਰਨਰ ਬਣਾ ਦਿੱਤਾ।"

ਇਹ ਵਾਰਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਲਾਣੇ ਤੋਂ ਅਠਾਰਾਂ ਮਹੀਨੇ ਦੇ ਅੰਦਰ ਅੰਦਰ ਵਰਤੀ ਅਰਥਾਤ ਗੁਰੂਆਂ ਦੇ ਸਮੇਂ ਦੇ ਬਹੁਤ ਨੇੜੇ ਜਦੋਂ ਖ਼ਾਲਸੇ ਨੇ ਪਹਿਲੀ ਵਾਰੀ ਆਰਜ਼ੀ ਤੌਰ ,'ਤੇ ਸਿਆਸੀ ਤਾਕਤ ਹਾਸਲ ਕੀਤੀ। ਅਗਲੇ ਸੱਠ ਸਾਲਾਂ ਦੇ ਕਰੀਬ ਮੁਗਲਾਂ ਦੇ ਖ਼ਿਲਾਫ਼ ਇਨਕਲਾਬੀ ਜੱਦੋ ਜਹਿਦ ਵਿੱਚ ਬੀਤੇ। ਉਸ ਦੌਰਾਨ ਜੋ ਸਪਿਰਟ ਖ਼ਾਲਸੇ ਵਿੱਚ ਪ੍ਰਵਿਸ਼ਟ ਸੀ, ਉਹ ਅਸੀਂ ਵੇਖ ਚੁੱਕੇ ਹਾਂ ਪਰ ਜਦੋਂ ਇਨਕਲਾਬ ਦੀ ਸਫ਼ਲਤਾ ਸਾਹਮਣੇ ਦਿੱਸਣ ਲੱਗ ਪਈ ਤਾਂ ਖ਼ਾਲਸੇ ਵਿੱਚ ਉਹ ਲੋਕ ਧੜਾ ਧੜ ਸ਼ਾਮਲ ਹੋਣੇ ਸ਼ੁਰੂ ਹੋ ਗਏ ਜਿਨ੍ਹਾਂ ਨੇ ਖ਼ਾਲਸੇ ਦੇ ਆਦਰਸ਼ਾਂ ਨੂੰ ਪੂਰੀ ਤਰ੍ਹਾਂ ਅਪਣਾਇਆ ਹੋਇਆ ਨਹੀਂ ਸੀ, ਕਿਉਂਕਿ ਲਹਿਰ ਦੇ ਦਰਵਾਜ਼ੇ ਹਰ ਉਸ ਇਨਸਾਨ ਲਈ ਖੁੱਲ੍ਹੇ ਹੋਏ ਸਨ ਜੋ ਅੰਮ੍ਰਿਤ ਛਕ ਲੈਂਦਾ ਸੀ। ਇਹਨਾਂ ਲੋਕਾਂ ਨੂੰ ਸ਼ਾਮਲ ਕਰਨਾ ਇਸ ਲਈ ਜ਼ਰੂਰੀ ਹੋ ਗਿਆ ਸੀ ਕਿ ਆਮ ਜਨਤਾ ਨੂੰ ਭਾਰੀ ਗਿਣਤੀ ਵਿੱਚ ਸ਼ਾਮਲ ਕੀਤੇ ਬਗ਼ੈਰ ਜਨਤਕ ਲਹਿਰ ਫ਼ੌਜੀ ਸਫ਼ਲਤਾ ਪ੍ਰਾਪਤ ਨਹੀਂ ਸੀ ਕਰ ਸਕਦੀ। ਇਸ ਤੋਂ ਇਲਾਵਾ ਇਨਕਲਾਬੀਆਂ ਦੀਆਂ ਪੁਰਾਣੀਆਂ ਪੀੜ੍ਹੀਆਂ ਹੌਲ਼ੀ ਹੌਲ਼ੀ ਖ਼ਤਮ ਹੁੰਦੀਆਂ ਗਈਆਂ ਅਤੇ ਕਰੜੀ ਇਨਕਲਾਬੀ ਜੱਦੋ ਜਹਿਦ ਵਿੱਚੋਂ ਲੰਘਣ ਕਰ ਕੇ ਖ਼ਾਲਸੇ ਦੇ ਸੱਚੇ ਆਦਰਸ਼ਾਂ ਤੋਂ ਪ੍ਰੇਰਨਾ ਲੈ ਕੇ ਚੱਲਣ ਵਾਲੇ ਉਹਨਾਂ ਸਿੰਘਾਂ ਦੀ ਗਿਣਤੀ ਲਹਿਰ ਵਿੱਚੋਂ ਘਟਦੀ ਗਈ ਜੋ ਕਿ ਲਹਿਰ ਨੂੰ ਸਹੀ ਰਾਹ 'ਤੇ ਰੱਖਦੇ ਸਨ। ਹੁਣ ਗੁਰੂਆਂ ਦੇ ਸਮੇਂ ਤੋਂ ਲਹਿਰ ਦਾ ਪਾੜਾ ਤਿੰਨ ਪੀੜ੍ਹੀਆਂ ਦਾ ਹੋ ਗਿਆ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਜਿਸ ਮਨੋਰਥ ਵਾਸਤੇ ਖ਼ਾਲਸਾ ਸਾਜਿਆ ਗਿਆ ਸੀ, ਉਹ ਮਨੋਰਥ ਹੌਲੀ ਹੌਲੀ ਮੱਧਮ ਪੈ ਗਿਆ। ਸੱਚੇ ਸੁੱਚੇ ਖ਼ਾਲਸਾ ਆਦਰਸ਼ ਦੀ ਥਾਂ ਨਵੀਂ ਗਰੁੱਪ ਚੇਤਨਾ ਨੇ ਲੈ ਲਈ — ਜਿਸ ਗਰੁੱਪ ਚੇਤਨਾ ਨੂੰ ਅਸੀਂ ਸੌਖ਼ ਖ਼ਾਤਰ ਖ਼ਾਲਸੇ ਦੀ 'ਕੌਮੀਅਤ-ਦੀ-ਚੇਤਨਾ' ਆਖ ਸਕਏ ਹਾਂ। ਜਦੋਂ ਖ਼ਾਲਸੇ ਨੇ ਸਿਆਸੀ ਤਾਕਤ ਹਾਸਲ ਕਰ ਲਈ ਤਾਂ ਇਹ 'ਕੌਮੀਅਤ-ਦੀ-ਚੇਤਨਾ' ਹੋਰ ਵਧੀ। ਜਦੋਂ ਖ਼ਾਲਸਾ ਸਿਆਸੀ ਤਾਕਤ ਹਾਸਲ ਕਰਨ ਦੀ ਪੁਜ਼ੀਸ਼ਨ ਵਿੱਚ ਆ ਗਿਆ ਤਾਂ 'ਖ਼ਾਲਸਾ ਰਾਜ' ਦੇ ਸੰਕਲਪ ਨੂੰ ਨਵੀਂ ਰੰਗਤ ਦੇ ਦਿੱਤੀ ਗਈ। ਇਹ ਫ਼ੈਸਲਾ ਕੀਤਾ ਗਿਆ ਕਿ ਖ਼ਾਲਸੇ ਦੇ ਹਰ ਇੱਕ ਮੈਂਬਰ ਨੂੰ ਕਿਸੇ ਵੀ ਇਲਾਕੇ 'ਤੇ ਕਬਜ਼ਾ ਕਰਨ ਦੀ ਖੁੱਲ੍ਹ ਸੀ। ਸ਼ਰਤ ਸਿਰਫ਼ ਇਹ ਲਾਈ ਗਈ ਕਿ ਜਿਸ ਇਲਾਕੇ ਉੱਤੇ ਇੱਕ ਮੈਂਬਰ ਨੇ ਪਹਿਲਾਂ ਕਬਜ਼ਾ ਕਰ ਲਿਆ ਹੋਵੇ, ਉਸ ਨੂੰ ਹਟਾ ਕੇ ਉਸ ਉੱਤੇ ਕੋਈ ਦੂਜਾ ਕਬਜ਼ਾ ਨਾ ਕਰੇ। ਪਿਛਲੀ ਸ਼ਰਤ ਮੁਮਕਿਨ ਹੈ ਇਸ ਲਈ ਲਾਈ ਗਈ ਹੋਵੇ ਕਿ ਖ਼ਾਲਸੇ ਦੇ ਹਰ ਇੱਕ ਮੈਂਬਰ ਨੂੰ ਸਿਆਸੀ ਤਾਕਤ ਹਾਸਲ ਕਰਨ ਦਾ ਬਰਾਬਰ ਹੱਕ ਸੀ। ਪਰ ਇਹ ਗੱਲ ਭੁਲਾ ਦਿੱਤੀ ਗਈ ਕਿ ਖ਼ਾਲਸੇ ਦੀ ਸਿਰਜਣਾ ਬਗਾਨਿਆਂ ਦੀ ਹਕੂਮਤ ਮਿਟਾਉਣ ਵਾਸਤੇ ਕੀਤੀ ਗਈ ਸੀ, ਨਾ ਕਿ ਖ਼ੁਦ ਹੋਰਨਾਂ ਉੱਤੇ ਹਕੂਮਤ ਕਰਨ ਦਾ ਵਸੀਲਾ ਬਣ ਜਾਣ ਵਾਸਤੇ।

ਖ਼ਾਲਸਾ ਮਿਸ਼ਨ ਦੇ ਇਸ ਤਰ੍ਹਾਂ ਸੀਮਤ ਹੋ ਗਏ ਦਾਇਰੇ ਅੰਦਰ ਸ਼ੁਰੂ ਸ਼ੁਰੂ ਦੇ ਜ਼ਮਾਨੇ ਬਾਰੇ ਸਮਕਾਲੀ ਪੋਲੀਅਰ (1780) ਲਿਖਦਾ ਹੈ ਕਿ "ਸਿੱਖਾਂ ਦਾ ਰਾਜ ਉਨ੍ਹਾਂ ਮੁਖੀਆਂ ਦੇ ਹੱਥ ਵਿੱਚ ਹੈ ਜੋ ਆਪਣੀ ਯੋਗਤਾ ਦੇ ਕਾਰਣ ਮੁਖੀ ਬਣੇ ਹਨ। ਵਰਨਾ ਛੋਟੇ ਵੱਡੇ ਸਭ ਮੁਖੀ, ਬਲਕਿ ਸਭ ਤੋਂ ਗ਼ਰੀਬ ਅਤੇ ਨੀਵੇਂ ਸਿੱਖ ਵੀ ਆਪਣੇ ਆਪ ਨੂੰ ਰਾਜੇ ਅਤੇ (ਜੋ ਸਭ ਤੋਂ ਵੱਡੀ ਕੌਂਸਲ (ਗੁਰਮਤਾ) ਸਾਲਾਨਾ ਅੰਮ੍ਰਿਤਸਰ, ਲਾਹੌਰ ਜਾਂ ਹੋਰ ਕਿਸੇ ਥਾਂ ਜੁੜਦੀ ਹੈ) ਵਿੱਚ ਬਰਾਬਰ ਦਾ ਭਾਈਵਾਲ ਸਮਝਦੇ ਹਨ। ਜੋ ਵੀ (ਇਸ ਕੌਂਸਲ ਜਾਂ ਗੁਰਮਤੇ ਵਿੱਚ) ਸ਼ਾਮਲ ਹੁੰਦਾ ਹੈ, ਉਹਨਾਂ ਸਾਰਿਆਂ ਦੀ ਰਾਏ ਲੈ ਕੇ ਬਹੁਸੰਮਤੀ ਨਾਲ ਫ਼ੈਸਲਾ ਹੁੰਦਾ ਹੈ।" ਇੱਕ ਹੋਰ ਸਮਕਾਲੀ ਫਾਰਸਟਰ ਵੀ ਪੁਸ਼ਟੀ ਕਰਦਾ ਹੈ ਕਿ "ਉਨ੍ਹਾਂ (ਸਿੱਖਾਂ) ਦੇ ਰਾਜ ਪ੍ਰਬੰਧ ਵਿੱਚ ਹਰ ਇੱਕ ਦੀ ਬਰਾਬਰੀ ਦਾ ਰੁਤਬਾ ਕਾਇਮ ਰੱਖਿਆ ਜਾਂਦਾ ਹੈ। ਅਤੇ ਭਾਵੇਂ ਕੋਈ ਕਿਤਨਾ ਵੀ ਤਾਕਤਵਰ ਅਤੇ ਅਮੀਰ ਕਿਉਂ ਨ ਹੋਵੇ, ਉਸ ਵੱਲੋਂ ਇਹ ਬਰਾਬਰੀ ਤੋੜਨ ਨਹੀਂ ਦਿੱਤੀ ਜਾਂਦੀ। ਜਦੋਂ ਇਸ (ਸਿੱਖ) ਕੌਮ ਦੀ ਜਨਰਲ ਕੌਂਸਲ ਸੱਦੀ ਜਾਂਦੀ ਹੈ (ਜਿਸ ਵਿੱਚ ਬਹੁਤੇ ਫ਼ੌਜੀ ਹੁੰਦੇ ਹਨ) ਤਾਂ ਹਰ ਇੱਕ ਮੈਂਬਰ ਨੂੰ ਆਪਣੀ ਰਾਏ ਜ਼ਾਹਰ ਕਰਨ ਦਾ ਅਧਿਕਾਰ ਹੁੰਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਫ਼ੈਸਲਾ ਬਹੁਸੰਮਤੀ ਨਾਲ ਹੁੰਦਾ ਹੈ।"

ਮਿਸਲਾਂ ਕਾਇਮ ਹੋਣ ਦੇ ਸਮੇਂ ਦੇ ਲਗਭਗ ਰਾਜਸੀ ਸੱਤਾ ਹਾਸਲ ਕਰਨ ਲਈ ਆਪੋ ਧਾਪੀ ਪੈ ਗਈ। ਪਰ ਇਸ ਸਮੇਂ ਵਿੱਚ ਵੀ ਖ਼ਾਲਸੇ ਦੇ ਗ਼ਰੀਬ-ਜਨਤਕ ਮਿਸ਼ਨ ਦੀ ਝਲਕ ਜ਼ਰੂਰ ਪੈਂਦੀ ਰਹੀ। ਮਿਸਲਾਂ ਦੇ ਸਮੇਂ (ਵਿੱਚ ਸਾਧਾਰਨ ਕਿਸਾਨ, ਚਰਵਾਹੇ (ਤਾਰਾ ਸਿੰਘ 'ਗ਼ੈਬਾ') ਪਿੰਡਾਂ ਦੇ ਕੰਮੀ (ਜੱਸਾ ਸਿੰਘ ਰਾਮਗੜ੍ਹੀਆ) ਅਤੇ

ਕਸ਼ੀਦਕਾਰ (ਜੱਸਾ ਸਿੰਘ ਕਲਾਲ, ਜਿਨ੍ਹਾਂ ਨੂੰ ਜਾਤਪਾਤੀ ਸਮਾਜ ਅਛੂਤਾਂ ਬਰਾਬਰ ਸਮਝ ਕੇ ਨਫ਼ਰਤ ਕਰਦਾ ਸੀ) ਖ਼ਾਲਸੇ ਦੀ ਰਾਜਸੀ ਸੱਤਾ ਦੇ ਲੀਡਰ ਬਣੇ। ਇਸ ਤੋਂ ਵੀ ਵੱਧ ਅਰਥ ਭਰਪੂਰ ਨੁਕਤਾ ਇਹ ਹੈ ਕਿ ਇਨ੍ਹਾਂ ਨੀਵੀਆਂ ਜਾਤਾਂ ਤੋਂ ਬਿਨਾਂ ਕਿਸੇ ਵੀ ਉੱਚੀ ਜਾਤ ਦਾ ਲੀਡਰ ਨਾ ਬਣ ਸਕਿਆ, ਦੇਸ਼ ਦੀ ਰਾਜਸੀ ਸੱਤਾ ਅਚਾਨਕ ਆਮ ਕਿਸਾਨੀ ਦੇ ਹੱਥ ਆ ਗਈ। ਇੱਕ ਮੁਸਲਮਾਨ ਸਮਕਾਲੀ ਲਿਖਦਾ ਹੈ ਕਿ "ਸਮੁੱਚਾ ਪੰਜਾਬ ਦੇਸ਼ ... ਇਸ ਭਾਈਚਾਰੇ (ਖ਼ਾਲਸੇ) ਦੇ ਕਬਜ਼ੇ ਵਿੱਚ ਹੈ ਅਤੇ ਉਨ੍ਹਾਂ ਦੇ ਸਭ ਤੋਂ ਉੱਚੇ ਲੀਡਰ ਤਰਖਾਣ, ਚਮਿਆਰ ਤੇ ਜੱਟ ਆਦਿ ਨੀਵੀਆਂ ਜਾਤਾਂ ਵਿੱਚੋਂ ਆਏ ਹਨ।" ਇਸ ਤੋਂ ਸਪਸ਼ਟ ਹੁੰਦਾ ਹੈ ਕਿ ਮਿਸਲਾਂ ਦੇ ਗ਼ੈਰ-ਇਨਕਲਾਬੀ ਸਮੇਂ ਵਿੱਚ ਵੀ ਗ਼ਰੀਬ ਜਨਤਕ ਦ੍ਰਿਸ਼ਟੀਕੋਣ ਤੋਂ (ਕਮੀਆਂ ਦੇ ਬਾਵਜੂਦ) ਸਿੱਖ ਲਹਿਰ ਬਹੁਤ ਵੱਡੀ ਪ੍ਰਾਪਤੀ ਸੀ। ਇਹ ਸੱਚ ਹੈ ਕਿ ਸਿੱਖ ਇਨਕਲਾਬ ਖ਼ਾਲਸੇ ਤੱਕ ਹੀ ਸੀਮਤ ਰਿਹਾ, ਜਿਸ ਦੀ ਭਰਤੀ ਸਾਰਿਆਂ ਲਈ ਖੁੱਲ੍ਹੀ ਸੀ। ਆਮ ਲੋਕ, ਜਿਹੜੇ ਖ਼ਾਲਸੇ ਨਹੀਂ ਸਜੇ ਸਨ, ਨੇ ਲਹਿਰ ਵਿੱਚ ਪੂਰੀ ਸਰਗਰਮੀ ਨਾਲ ਹਿੱਸਾ ਨਹੀਂ ਲਿਆ। ਇਹ ਵੀ ਹੋ ਸਕਦਾ ਹੈ ਕਿ ਗ਼ੈਰ-ਖ਼ਾਲਸਾ ਆਮ ਜਨਤਾ ਨੂੰ ਲਹਿਰ ਤੋਂ ਪੂਰੇ ਲਾਭ ਪ੍ਰਾਪਤ ਨਹੀਂ ਹੋਏ। ਇਨਕਲਾਬੀ ਸਮੇਂ ਤੋਂ ਬਾਅਦ ਖ਼ਾਲਸੇ ਦੀ ਸਿਆਸੀ ਤਾਕਤ ਵਿੱਚ ਜੱਟ ਅਤੇ ਕਾਰੀਗਰ ਦੋਵੇਂ ਹਿੱਸੇਦਾਰ ਸਨ। ਅਛੂਤ ਜਾਤਾਂ ਕਿਸੇ ਕਾਰਣ ਪਿਛੇ ਧੱਕੀਆਂ ਗਈਆਂ। ਇਹਨਾਂ ਕਮੀਆਂ ਦੇ ਬਾਵਜੂਦ ਇਹ ਇੱਕ ਗਰੀਬ-ਜਨਤਕ ਇਨਕਲਾਬ ਸੀ, ਕਿਉਂਕਿ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਆਮ ਲੋਕ ਆਪਣੀ ਧਰਤੀ ਦੇ ਖ਼ੁਦ ਹਾਕਮ ਬਣੇ।

ਇਸ ਸਮੇਂ ਦੇ ਪੰਜਾਬ ਦੇ ਹਾਲਾਤ ਦਾ ਬਿਰਤਾਂਤ ਦੇਂਦਾ ਹੋਇਆ 'ਹੀਰ ਰਾਂਝਾ' ਦਾ ਕਰਤਾ ਵਾਰਸ ਸ਼ਾਹ ਇਸ ਭਾਵ ਦਾ ਸੰਕੇਤ ਦੇਂਦਾ ਹੈ:

"ਜਦੋਂ ਵੈਸ਼ ਤੇ ਜੱਟ ਸਰਦਾਰ ਆਏ,<br>
ਘਰੋ ਘਰੀ ਜਾਂ ਨਵੀਂ ਸਰਕਾਰ ਹੋਈ।<br>
ਅਸ਼ਰਾਫ ਖ਼ਰਾਬ, ਕਮੀਨ ਤਾਜ਼ੇ,<br>
ਜ਼ਿਮੀਂਦਾਰ ਨੂੰ ਖ਼ੂਬ ਬਹਾਰ ਹੋਈ।"

✪✪✪✪✪

(ਬਾਕੀ ਅਗਲੇ ਅੰਕ ਵਿੱਚ ਪੜ੍ਹੋ)


**ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ**
**ਡਾ. ਗੁਰਸ਼ਰਨ ਜੀਤ ਸਿੰਘ ਵੱਲੋਂ ਤਿਆਰ**

## ਗੁਰਮਤ ਨਿਰਣਯ ਕੋਸ਼

ਛਪ ਕੇ ਤਿਆਰ ਹੈ। ਗੁਰਮਤ ਮਾਰਤੰਡ ਦੀ ਪਰੰਪਰਾ ਉੱਪਰ ਚੱਲਦਿਆਂ ਗੁਰਬਾਣੀ, ਸਿੱਖ ਦਰਸ਼ਨ, ਸਿੱਖ ਰਾਜਨੀਤੀ, ਸਿੱਖ ਇਤਿਹਾਸ, ਸਿੱਖ ਸੱਭਿਆਚਾਰ ਅਤੇ ਮਰਯਾਦਾ ਦੇ 200 ਵਿਸ਼ਿਆਂ ਦਾ ਸਪਸ਼ਟ ਨਿਰਣਾ ਕਰਨ ਵਾਲੀ ਪੁਸਤਕ ਵਿੱਚ ਪੜ੍ਹੋ:

- ਸਿੱਖੀ ਦਾ ਮੈਨੀਫੈਸਟੋ, ਰਾਜ ਕਰੇਗਾ ਖ਼ਾਲਸਾ, ਮੀਰੀ ਪੀਰੀ, ਸ਼ਾਂਤੀ, ਹਿੰਸਾ, ਸ਼ਹਾਦਤ ਅਤੇ ਜੀਵਨ ਮਨੋਰਥ
- ਸਿੱਖ ਰਹਿਤ ਮਰਯਾਦਾ ਦੀ ਸਮੀਖਿਆ
- ਨਾਮ, ਸਿਮਰਨ, ਅਜਪਾ ਜਾਪ, ਦਸਵਾਂ ਦੁਆਰ, ਕੁੰਡਲਨੀ, ਤਿੰਨ ਨਾੜੀਆਂ, ਚੌਥਾ ਪਦ, ਸ਼ਬਦ, ਸ਼ਬਦ-ਸੁਰਤ, ਪੰਚ ਸ਼ਬਦ, ਦਰਸ਼ਨ ਝਲਕਾਰੇ
- ਇਤਿਹਾਸ ਸਮਝਣ ਦੇ ਨਿਯਮ ਅਤੇ ਪਰੰਪਰਾ
- ਗੁਰਬਾਣੀ ਦੀ ਸਮਝ, ਮੁਹਾਵਰਾ, ਪ੍ਰਤੀਕ, ਭਾਸ਼ਾ
- ਸਿੱਖ ਦਰਸ਼ਨ ਦਾ ਆਧਾਰ ਅਤੇ ਸਿੱਖ ਵਿਸ਼ਵਾਸ
- 'ਹਮ ਹਿੰਦੂ ਹੈਂ' ਦਾ ਪ੍ਰਸ਼ਨ ਸਾਡਾ ਖਹਿੜਾ ਕਿਉਂ ਨਹੀਂ ਛੱਡਦਾ?
- ਗੁਰੂ ਗ੍ਰੰਥ ਦੀ ਛਪਾਈ ਵਿੱਚ ਸ਼੍ਰੋਮਣੀ ਕਮੇਟੀ ਦੀ ਢਿੱਲ
- ਗ੍ਰੰਥੀ, ਜਥੇਦਾਰ, ਪੋਪ, ਹੁਕਮਨਾਮੇ
- ਗੁਰਮਤ ਅਤੇ ਮਨਮਤ ਦਾ ਨਿਖੇੜਾ
- ਹੋਰ ਅਨੇਕਾਂ ਅਣਸੁਲਝੇ ਪ੍ਰਸ਼ਨਾਂ ਦਾ ਹੱਲ।

ਪ੍ਰਮੁੱਖ ਪੁਸਤਕ ਵਿਕਰੇਤਾਵਾਂ ਤੋਂ ਉਪਲਬਧ।
ਸਾਡੇ ਕੋਲੋਂ ਪੁਸਤਕ ਮੰਗਵਾਉਣ 'ਤੇ 50% ਛੂਟ ਅਤੇ 20/- ਰੁਪਏ ਡਾਕ ਖਰਚ ਵੱਖਰਾ।

**ਪੁਸਤਕ ਮੰਗਵਾਉਣ ਲਈ ਪਤਾ:**
**ਡਾ. ਗੁਰਸ਼ਰਨ ਜੀਤ ਸਿੰਘ**
**16, ਮਾਡਰਨ ਕਲੋਨੀ,**
**ਛੇਹਰਟਾ (ਅੰਮ੍ਰਿਤਸਰ)**

**ਮੁੱਲ:**
**ਪੇਪਰ ਬੈਕ: 120/- ਰੁਪਏ**
**ਪੱਕੀ ਜਿਲਦ: 200/- ਰੁਪਏ**


ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਗੁਰਤੇਜ ਸਿੰਘ ਦੁਆਰਾ, ਸਵੀਤਾਰ ਪ੍ਰੈਸ, 819-20, ਇੰਡਸਟਰੀਅਲ ਏਰੀਆ, ਚੰਡੀਗੜ੍ਹ ਤੋਂ ਛਪਵਾ ਕੇ ਐਸ.ਸੀ.ਓ. 60-61, ਸੈਕਟਰ 17-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ ਗਿਆ।